# ਸੇਵਾ

## (ਨਿਹਕਲੰਕ ਹਰਿ ਸ਼ਬਦ ਭੰਡਾਰ ਚੋਂ)



ਸੋਹੰ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਦੀ ਜੈ
ਸੋਹੰ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਦੀ ਜੈ
ਸੋਹੰ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਦੀ ਜੈ
ਸੋਹੰ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਦੀ ਜੈ
ਸੋਹੰ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਦੀ ਜੈ



★ ★ ★ ★ ★
★ ★ ★ ★ ★

ਗੁਰ ਸੇਵਾ ਕਰ ਗੁਰਸਿਖ ਕਹਾਵੇ । ਸੇਵਾ ਸਿੱਖ ਨੂੰ ਮਾਣ ਦੁਆਵੇ । ਸੇਵਕ ਜੋ ਸੇਵਾ ਕਰੇ । ਸੁੱਕੇ ਕਾਸ਼ਟ ਪ੍ਰਭ ਕਰੇ ਹਰੇ । ਬੱਚਿਆਂ ਦਾ ਪ੍ਰਭ ਦੇਵੇ ਦਾਨ । ਸੱਚਾ ਸਤਿਗੁਰ ਜਾਣੀ ਜਾਣ । (੧੮ ਮੱਘਰ ੨੦੦੬ ਬਿ)

★ ★ ★ ★ ★
★ ★ ★ ★ ★

ਗੁਰ ਚਰਨਾਂ ਵਿਚ ਸਦ ਸੇਵ ਕਮਾਈਏ । ਗੁਰ ਚਰਨਾਂ ਵਿਚ ਸਦ ਭੁੱਲ ਬਖ਼ਸ਼ਾਈਏ । ਗੁਰ ਚਰਨਾਂ ਵਿਚ ਦੇਹ ਰੋਗ ਗੁਵਾਈਏ । ਗੁਰ ਚਰਨਾਂ ਵਿਚ ਨਾਮ ਪਦਾਰਥ ਪਾਈਏ । ਗੁਰ ਚਰਨਾਂ ਵਿਚ ਰਸਨਾ ਹਰਿ ਜਸ ਗਾਈਏ । ਗੁਰ ਚਰਨਾਂ ਵਿਚ ਭਗਤੀ ਹੀਣ ਤਰਾਈਏ । ਗੁਰ ਚਰਨਾਂ ਵਿਚ ਮਨ ਦੀ ਤਪਤ ਬੁਝਾਈਏ । ਗੁਰ ਚਰਨਾਂ ਵਿਚ ਆਤਮ ਸ਼ਾਂਤ ਕਰਾਈਏ । ਗੁਰ ਚਰਨਾਂ ਵਿਚ ਸੁਫਲ ਜਨਮ ਕਰਾਈਏ । ਗੁਰ ਚਰਨਾਂ ਵਿਚ ਆਪਣਾ ਆਪ ਲਗਾਈਏ । ਗੁਰ ਚਰਨਾਂ ਵਿਚ ਸਹਿੰਸਾ ਰੋਗ ਗੁਵਾਈਏ । ਗੁਰ ਚਰਨਾਂ ਵਿਚ ਸੰਗਤ ਦੀ ਸੇਵ ਕਮਾਈਏ । ਗੁਰ ਚਰਨਾਂ ਵਿਚ ਸਿਰ ਛਤਰ ਝੁਲਾਈਏ । ਗੁਰ ਚਰਨਾਂ ਵਿਚ ਦਾਲਦ ਦਲਿੱਦਰ ਗੁਵਾਈਏ । ਗੁਰ ਚਰਨਾਂ ਵਿਚ ਦੋਏ ਜੋੜ ਸੀਸ ਝੁਕਾਈਏ । ਗੁਰ ਚਰਨਾਂ ਵਿਚ ਮਸਤਕ ਧੂੜ ਲਗਾਈਏ । ਗੁਰ ਚਰਨਾਂ ਵਿਚ ਸਰਬ ਸੁਖ ਫੱਲ ਪਾਈਏ । ਗੁਰ ਚਰਨਾਂ ਵਿਚ ਸੰਤਨ ਦੀ ਕਾਰ ਕਮਾਈਏ । ਗੁਰ ਸੇਵਾ ਵਿਚ ਸਦਾ ਚਿਤ ਲਾਈਏ । ਗੁਰ ਸੇਵਾ ਵਿਚ ਪ੍ਰਭ ਰਿਦੇ ਧਿਆਈਏ । ਗੁਰ ਸੇਵਾ ਵਿਚ ਸੋਹੰ ਸ਼ਬਦ ਗੁਣ ਗਾਈਏ । ਗੁਰ ਸੇਵਾ ਵਿਚ ਪ੍ਰਭ ਦਰਸ਼ਨ ਪਾਈਏ । ਗੁਰ ਸੇਵਾ ਵਿਚ ਲੋਭ ਹੰਕਾਰ ਗੁਵਾਈਏ । ਗੁਰ ਸੇਵਾ ਵਿਚ ਜਗਤ

ਵਿਕਾਰ ਤਜਾਈਏ । ਗੁਰ ਸੇਵਾ ਵਿਚ ਸੰਗਤ ਧੂੜ ਹੋ ਜਾਈਏ । ਗੁਰ ਸੇਵਾ ਵਿਚ ਸੀਤਲ ਚੰਨ ਸਮਾਈਏ । ਗੁਰ ਸੇਵਾ ਵਿਚ ਪਾਰਬ੍ਰਹਮ ਪਾਈਏ । ਗੁਰ ਸੇਵਾ ਵਿਚ ਗੁਰ ਚਰਨੀਂ ਚਿਤ ਲਾਈਏ । ਗੁਰ ਸੇਵਾ ਵਿਚ ਮਹਾਰਾਜ ਸ਼ੇਰ ਸਿੰਘ ਸੰਗ ਸਮਾਈਏ । (੧੫ ਵਸਾਖ ੨੦੦੭ ਬਿ)

★ ★ ★ ★ ★
★ ★ ★ ★ ★

ਘਰ ਤੋਟ ਕਦੇ ਨਾ ਆਵਈ, ਗੁਰ ਸੇਵਾ ਗੁਰਸਿਖ ਕਮਾਇਆ । ਫਿਰ ਜਨਮ ਕਦੀ ਨਾ ਪਾਵਈ, ਅੰਤ ਕਾਲ ਵਿਚ ਜੋਤ ਮਿਲਾਇਆ । ਸਤਿ ਪੁਰਖਾ ਸਚ ਨਾਮ ਜਪਾਵਈ, ਘਰ ਸਾਚਾ ਧਾਮ ਸਚਖੰਡ ਬਣਾਇਆ । ਪ੍ਰਭ ਦਿੰਦਿਆ ਤੋਟ ਨਾ ਆਵਈ, ਜਗਤ ਭੰਡਾਰੀ ਪ੍ਰਭ ਤੇਜ ਵਧਾਇਆ । ਪ੍ਰਭ ਸਦ ਸਦ ਬਖ਼ਸ਼ਣਹਾਰ, ਮੰਗ ਦਾਨ ਘਰ ਪਰਮੇਸ਼ਵਰ ਆਇਆ । ਜਗਤ ਦੇਵੇ ਮਾਣ, ਸੋਹਣ ਮੰਦਰ ਜਿਥੇ ਪ੍ਰਭ ਚਰਨ ਟਿਕਾਇਆ । ਮਹਾਰਾਜ ਸ਼ੇਰ ਸਿੰਘ ਜਾਓ ਬਲਿਹਾਰ, ਜਿਸ ਇਹ ਥਾਨ ਸੁਹਾਇਆ ।
(੫ ਚੇਤ ੨੦੦੮ ਬਿ)

★ ★ ★ ★ ★
★ ★ ★ ★ ★

ਗੁਰ ਸੇਵਾ ਸਿਖ ਦੇਵੇ ਫਲ । ਅੰਤ ਕਾਲ ਘਰ ਆਵੇ ਚਲ । ਜੀਵ ਪ੍ਰਭ ਜੋਤ ਸੰਗ ਜਾਵੇ ਰਲ । ਸਾਚਾ ਘਰ ਜਿਥੇ ਪ੍ਰਭ ਵਸਿਆ, ਗੁਰਸਿਖਾ ਘਰ ਸਾਚਾ ਮਲ । ਕਲਜੁਗ ਆਏ ਰਾਹ ਸਚ ਦੱਸਿਆ, ਪ੍ਰਭ ਕੀਨਾ ਨਾ ਵਲ ਨਾ ਛਲ । ਬੇਮੁਖ ਦਰੋਂ ਕਿਉਂ ਨੱਸਿਆ, ਕਲਜੁਗ ਜਿਨ੍ਹਾਂ ਹਿਰਦੇ ਸੋਹੰ ਵਸਿਆ, ਦੇਵੇ ਦਰਸ ਆਪ ਅਟੱਲ । ਪ੍ਰਭ ਆਪਣੀ ਜੋਤ ਪਰਗਟਾ ਕੇ, ਦੇਰ ਲਾਵੇ ਘੜੀ ਨਾ ਪਲ ।
(੬ ਚੇਤ ੨੦੦੮ ਬਿ)

★ ★ ★ ★ ★
★ ★ ★ ★ ★

ਗੁਰ ਸੇਵਾ ਗੁਰਮੁਖ ਕਮਾਏ । ਗੁਰ ਸੇਵਾ ਸੋਹੰ ਸ਼ਬਦ ਕਮਲਾ ਪਾਏ । ਗੁਰ ਵੱਡਾ ਦੇਵੀ ਦੇਵਾ, ਸਚ ਹਿਰਦੇ ਜੋਤ ਜਗਾਏ । ਪ੍ਰਭ ਪਰਗਟੇ ਅਲਖ ਅਭੇਵਾ, ਨਿਹਕਲੰਕ ਨਾਉਂ ਰਖਾਏ । ਮਹਾਰਾਜ ਸ਼ੇਰ ਸਿੰਘ ਕਲਜੁਗ ਤੇਰੀ ਸੇਵਾ, ਗੁਰਸਿਖ ਨਾ ਬਿਰਥੀ ਜਾਏ । ਗੁਰਸਿਖ ਸੇਵਾ ਚਰਨ ਕਰ, ਪ੍ਰਭ ਦਰ ਮੰਗੇ । ਗੁਰਸਿਖ ਸਾਚਾ ਪ੍ਰਣ ਕਰ, ਪ੍ਰਭ ਸੋਹੰ ਮਨ ਰੰਗੇ । ਗੁਰਸਿਖ ਸਚ ਗੁਰ ਸਰਨ ਕਰ, ਕਲਜੁਗ ਜੀਵ ਵੇਖ ਨਾ ਸੰਗੇ । ਗੁਰਸਿਖ ਕਲਜੁਗ ਤਰਨਹਾਰ, ਮਿਲੇ ਦਾਨ ਮੁਖ ਜੋ ਮੰਗੇ । ਮਹਾਰਾਜ ਸ਼ੇਰ ਸਿੰਘ ਸਾਚਾ ਕਲਜੁਗ ਤਾਰੇ ਭੁੱਖੇ ਨੰਗੇ । (੧੫ ਚੇਤ ੨੦੦੮ ਬਿ)

★ ★ ★ ★ ★
★ ★ ★ ★ ★

ਗੁਰ ਦਰਸ਼ਨ ਲੋਚੇ ਸਭ ਦੇਵੀ ਦੇਵਾ । ਪ੍ਰਭ ਜੋਤ ਸਰੂਪ ਅਲਖ ਅਭੇਵਾ । ਪ੍ਰਭ ਕਾ ਦਰਸ਼ਨ ਕਲਜੁਗ ਉਤਮ ਮੇਵਾ । ਗੁਰ ਚਰਨ ਜੀਵ ਸਾਚੀ ਗੁਰ ਸੇਵਾ । ਮਹਾਰਾਜ ਸ਼ੇਰ ਸਿੰਘ ਛਡ ਜੋਤ ਜੀਵ ਵਿਚ ਆਪ ਵਸੇਵਾ । (੨੫ ਚੇਤ ੨੦੦੮ ਬਿ)

★ ★ ★ ★ ★
★ ★ ★ ★ ★

ਸਾਚਾ ਪ੍ਰਭ ਸਰਬ ਸੁਖਦੇਵਾ । ਸਾਚਾ ਪ੍ਰਭ ਸਾਚੀ ਪ੍ਰਭ ਸੇਵਾ । ਧਰੇ ਜੋਤ ਪ੍ਰਭ ਅਲਖ ਅਭੇਵਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸੋਹੰ ਦੇਵੇ ਸਾਚਾ ਮੇਵਾ । (੨੨ ਮਾਘ ੨੦੦੮ ਬਿ)

★ ★ ★ ★ ★
★ ★ ★ ★ ★

ਗੁਰ ਸੇਵਾ ਕਾਰਜ ਰਾਸੇ । ਪ੍ਰਭ ਅਬਿਨਾਸ਼ੀ ਹਿਰਦੇ ਰੱਖੇ ਵਾਸੇ । ਦੂਤੀ ਦੁਸ਼ਟ ਦਰ ਤੋਂ ਨਾਸੇ । ਕੋਹੜੀ ਕੁਸ਼ਟੀ ਪ੍ਰਭ ਰੱਖਣ ਚਰਨ ਭਰਵਾਸੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਭਨਾ ਦੁੱਖੜੇ ਆਪ ਵਿਨਾਸੇ । ਪ੍ਰਭ ਅਬਿਨਾਸ਼ੀ ਸਾਚਾ ਘਰ । ਗੁਰਮੁਖ ਸਾਚਾ ਜਾਏ ਤਰ । ਸਾਚਾ ਪ੍ਰਭ ਦੇਵੇ ਸਾਚਾ ਵਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਹੋਏ ਸਹਾਈ ਅਵਤਾਰ ਨਰ ।
(੬ ਜੇਠ ੨੦੦੯ ਬਿ)

★ ★ ★ ★ ★
★ ★ ★ ★ ★

ਗੁਰ ਸੇਵਾ ਗੁਰ ਪੂਰਾ ਪਾਈਏ । ਗੁਰਮੁਖ ਹੋਏ ਗੁਰ ਸੇਵ ਕਮਾਈਏ । ਗੁਰ ਸੇਵਾ ਘਰ ਸਾਚੇ ਜਾਈਏ । ਪ੍ਰਭ ਅਬਿਨਾਸ਼ੀ ਚਰਨ ਵਿਗਸਾਈਏ । ਗੁਰ ਸੇਵਾ ਹਰਿ ਮੰਦਰ ਪਾਈਏ । ਪ੍ਰਭ ਕੀ ਜੋਤ ਅੰਦਰ ਜਗਾਈਏ । ਗੁਰ ਸੇਵਾ ਜਨਮ ਮਰਨ ਗੇੜ ਕਟਾਈਏ । ਦਰਗਾਹ ਸਾਚੀ ਥਾਂ ਦਵਾਈਏ । ਗੁਰ ਸੇਵਾ ਅੰਤ ਅੰਤਕਾਲ ਕਰ ਕਲਜੁਗ ਤਰ ਜਾਈਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਚਰਨ ਪ੍ਰੀਤ ਕਮਾਈਏ । (੮ ਜੇਠ ੨੦੦੯ ਬਿ)

★ ★ ★ ★ ★
★ ★ ★ ★ ★

. . . . . . ਜਿਸ ਜਨ ਹਰਿ ਸੰਗਤ ਸੇਵਾ ਹਰਿ ਚਰਨ ਪ੍ਰੀਤੀ ਲਈ ਘਾਲ, ਨਾ ਮਰੇ ਨਾ ਜਾਈਆ । ਸਤਿਗੁਰ ਪੂਰਾ ਆਪੇ ਚਲੇ ਨਾਲ ਨਾਲ, ਆਪ ਆਪਣਾ ਲੜ ਫੜਾਈਆ । ਦੇਵੇ ਨਾਮ ਸੱਚਾ ਧਨ ਮਾਲ, ਚੋਰ ਯਾਰ ਠੱਗ ਲੁੱਟ ਕੋਈ ਨਾ ਜਾਈਆ । ਗੁਰਸਿਖ ਸੱਚਾ ਨਾ ਸ਼ਾਹ ਕੰਗਾਲ, ਗੁਰ ਚਰਨਾਂ ਓਟ ਰਖਾਈਆ । ਕਰਨਹਾਰ ਸਦਾ ਪ੍ਰਿਤਪਾਲ, ਹਰਿ ਸੇਵਕ ਸੇਵ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿਜਨ ਸਾਚਾ ਦੇਵੇ ਵਰ, ਦਰ ਦਵਾਰਾ ਏਕਾ ਏਕ ਸੁਹਾਈਆ । (੭-੪੨੯)

★ ★ ★ ★ ★
★ ★ ★ ★ ★

ਸਾਚੀ ਸੇਵ ਕਰੇ ਕਰਤਾਰ, ਨਜ਼ਰ ਕਿਸੇ ਨਾ ਆਈਆ । ਪੰਜ ਤੱਤ ਲੇਖਾ ਰਹੇ ਅੰਦਰ ਚਾਰ ਦੀਵਾਰ, ਤਨ ਮਾਟੀ ਨਾਲ ਮਿਲਾਈਆ । ਅੰਤਰ ਅੰਤਰ ਕਰੇ ਵਿਹਾਰ, ਬਣ ਬਿਵਹਾਰੀ ਸੇਵ ਕਮਾਈਆ । ਯਾਰਾਂ ਨਾਲ ਬਣਿਆ ਯਾਰ, ਸੱਥਰ ਯਾਰੜਾ ਆਪ ਹੰਢਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਖੇਲ ਆਪ ਕਰਾਈਆ ।

ਖੇਲੇ ਖੇਲ ਅਪਰ ਅਪਾਰਾ, ਅਪਰੰਪਰ ਧਾਰ ਚਲਾਇੰਦਾ । ਗੋਬਿੰਦ ਉਠਾਇਆ ਸੁੱਤ ਦੁਲਾਰਾ, ਸਾਚਾ ਸੰਗ ਨਿਭਾਇੰਦਾ । ਜਨ ਭਗਤਾਂ ਨਾਲ ਕਰੇ ਪਿਆਰਾ, ਆਪ ਆਪਣਾ ਬੰਧਨ ਪਾਇੰਦਾ । ਆਪੇ ਚੁੱਕੇ ਇੱਟਾਂ ਗਾਰਾ, ਗੁਰਸਿੱਖ ਅੰਦਰ ਵੜ ਵੜ ਸੇਵ ਕਮਾਇੰਦਾ । ਜੋ ਗੁਰਸਿਖ ਆਏ ਚਲ ਦੁਆਰਾ, ਤਿਸ ਆਪਣੇ ਘਰ ਬਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਖੇਲ ਆਪ ਵਖਾਇੰਦਾ ।

ਸੇਵਾ ਕਰੇ ਹਰਿ ਜੂ ਹਰਿ, ਦਿਸ ਕਿਸੇ ਨਾ ਆਈਆ । ਗੁਰਸਿਖਾਂ ਅੰਦਰ ਬੈਠਾ ਵੜ, ਦਿਵਸ ਰੈਣ ਡੇਰਾ ਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਸੇਵ ਆਪ ਸਮਝਾਈਆ ।

ਗੁਰਸਿਖ ਸੇਵਾ ਕਰੇ ਦੁਆਰ, ਹਰਿ ਜੂ ਅੰਤਰ ਆਸਣ ਲਾਇਆ । ਜੇ ਕੋਈ ਕਹੀਆਂ ਦੇਵੇ ਮਾਰ, ਪੁਰਖ ਅਬਿਨਾਸ਼ੀ ਬਲ ਧਰਾਇਆ । ਜੇ ਕੋਈ ਤਗਾਰੀ ਚੁੱਕੇ ਸੀਸ ਬੰਨ੍ਹ ਦਸਤਾਰ, ਸਿਰ ਉਪਰ ਆਪਣਾ ਹੱਥ ਟਿਕਾਇਆ । ਜੇ ਕੋਈ ਪੌੜੀ ਡੰਡਾ ਚੜ੍ਹੇ ਵਾਰੋ ਵਾਰ, ਆਪਣਾ ਡੰਡਾ ਦਏ ਫੜਾਇਆ । ਜੇ ਕੋਈ ਕਾਂਡੀ ਤੇਸੀ ਦਏ ਮਾਰ, ਤਿਸ ਆਪਣਾ ਰੰਗ ਰੰਗਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਮੁਖਾਂ ਅੰਦਰ ਵੜ ਵੜ ਸੇਵ ਕਮਾਇਆ ।

ਅੰਦਰ ਵੜ ਹਰਿ ਰਘੁਨਾਥ, ਆਪਣੀ ਦਇਆ ਕਮਾਈਆ । ਬਿਨ ਡਿਠਿਆਂ ਦੇਵੇ ਸਾਥ, ਸਾਚਾ ਸੰਗ ਨਿਭਾਈਆ । ਲਹਿਣਾ ਚੁੱਕੇ ਹਾਥੋ ਹਾਥ, ਹੱਥੋ ਹੱਥੀ ਦਏ ਚੁਕਾਈਆ । ਜਿਹਨੂੰ ਪੁੱਛੇ ਸੋਈ ਕਹੇ ਵਸੇ ਮੇਰੇ ਪਾਸ, ਰਾਤੀਂ ਸੁਤਿਆਂ ਮੇਰੇ ਕੋਲ ਫੇਰਾ ਪਾਈਆ । ਪੁਰਖ ਅਬਿਨਾਸ਼ੀ ਕਹੇ ਮੇਰਾ ਸੱਚਾ ਭੋਗ ਬਿਲਾਸ, ਗੁਰਮੁਖ ਆਤਮ ਸੇਜ ਹੰਢਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਸੇਵ ਕਮਾਈਆ ।

ਜੇ ਕੋਈ ਫੜੇ ਤੇਸਾ ਆਰੀ ਰੰਦਾ, ਏਕਾ ਰੰਦਾ ਹੱਥ ਰਖਾਈਆ । ਗੁਰਸਿਖ ਬਣਾਏ ਆਪਣਾ ਬੰਦਾ, ਬੰਦੀਖ਼ਾਨਾ ਤੋੜ ਤੁੜਾਈਆ । ਦਰ ਦੁਆਰੇ ਕੋਈ ਨਾ ਰਹੇ ਗੰਦਾ, ਗੰਦੀ ਵਾਸ਼ਨਾ ਦਏ ਮਿਟਾਈਆ । ਹਰਿ ਭਗਤ ਚੜ੍ਹੇ ਸਾਚਾ ਚੰਦਾ, ਚੰਦ ਚਾਂਦਨੀ ਮੁੱਖ ਸ਼ਰਮਾਈਆ । ਕਰੇ ਪਰਕਾਸ਼ ਵਿਚ ਬ੍ਰਹਿਮੰਡਾ, ਵਰਭੰਡ ਮਿਲੇ ਵਡਿਆਈਆ । ਕਰੇ ਖੇਲ ਸੂਰਾ ਸਰਬੰਗਾ, ਸੂਰਬੀਰ ਸ਼ਹਿਨਸ਼ਾਹੀਆ । ਜਿਸ ਦੁਆਰੇ ਨਿਸ਼ਾਨ ਝੁੱਲੇ ਸੱਤ ਰੰਗਾ, ਤਿਸ ਸਤਿ ਪੁਰਖ ਨਿਰੰਜਣ ਲਏ ਮਿਲਾਈਆ । ਗੁਰਮੁਖ ਗਾਓ ਸਦਾ ਸੁਹਾਗੀ ਛੰਦਾ, ਪ੍ਰਭ ਮਿਲਿਆ ਇਕੋ ਮਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਸੇਵਾ ਆਪ ਵਖਾਈਆ ।

ਜੇ ਕੋਈ ਫੜੇ ਤੇਸੀ ਸੱਬਰ, ਸੱਬਰਾ ਹੱਥ ਉਠਾਇਆ । ਕਰ ਕਿਰਪਾ ਮੇਲੇ ਮਨ ਪੱਥਰ, ਮਨ ਕਾ ਮਣਕਾ ਆਪ ਭੁਵਾਇਆ । ਗੁਰਸਿਖ ਤੇਰੀ ਸੇਵਾ ਵੇਖ ਪੁਰਖ ਅਬਿਨਾਸ਼ੀ ਆਪਣੇ ਨੀਰ ਵਹਾਵੇ

ਅੰਬਰ, ਨੈਣ ਨੈਣ ਨੈਣ ਭਰਾਇਆ । ਜਿਸ ਵਿਛਾਇਆ ਯਾਰੜਾ ਸੱਥਰ, ਸੋ ਬਣ ਬਣ ਯਾਰ ਸੇਵ ਕਮਾਇਆ । ਭਗਤ ਦੁਆਰਾ ਨਾ ਹੋਏ ਭੱਠਤੜ, ਭੱਠ ਖੇੜਾ ਨਾ ਕੋਇ ਕਰਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਨਾਲ ਮਿਲਾਇਆ ।

ਹਰਿਜਨ ਸਾਚੇ ਗਏ ਮਿਲ, ਮਿਲਿਆ ਏਕੰਕਾਰ । ਚੌਦਾਂ ਲੋਕ ਗਏ ਹਿਲ, ਚੌਦਾਂ ਤਬਕ ਹੋਏ ਖ਼ਬਰਦਾਰ । ਕਵਣ ਦਰ ਪ੍ਰਭ ਲਾਏ ਸਿਲ, ਭਗਤ ਦੁਆਰਾ ਕਰ ਤਿਆਰ । ਜਿਸ ਨੂੰ ਕਹਿੰਦੇ ਬਸਨ ਬਨਵਾਰੀ ਕਪੜੇ ਪਹਿਰੇ ਨੀਲ, ਰੂਪ ਅਨੂਪ ਆਪ ਧਰਾਇਆ । ਤਿਸ ਅੱਗੇ ਕਰੋ ਅਪੀਲ, ਜੇ ਦੇਵੇ ਦਇਆ ਕਮਾਇਆ । ਵਡ ਖ਼ਾਲਕ ਖ਼ਲਕ ਖ਼ਲੀਲ, ਬੇਖ਼ਬਰ ਲਏ ਜਗਾਇਆ । ਜੋਧਾ ਸੂਰਬੀਰ ਛੈਲ ਛਬੀਲ, ਛਹਿਬਰ ਆਪਣੇ ਨੂਰ ਦਰਸਾਇਆ । ਲੋਕਮਾਤ ਬਣਾਏ ਸਚ ਫ਼ਸੀਲ, ਭਗਤ ਦੁਆਰਾ ਨਾਉਂ ਰਖਾਇਆ । ਚਾਰ ਜੁਗ ਦੀ ਕੱਠੀ ਕਰੇ ਦਲੀਲ, ਗੁਰ ਅਵਤਾਰ ਜੋ ਗਏ ਸੁਣਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦਰ ਸਾਚਾ ਇਕ ਵਡਿਆਇਆ । (੧੧-੧੮, ੧੯)

★ ★ ★ ★ ★
★ ★ ★ ★ ★

ਸਾਚੀ ਸਿਖਿਆ ਗੁਰਮੁਖ ਸਿਖੇ, ਗੁਰ ਸਤਿਗੁਰ ਆਪ ਸਮਝਾਇਆ । ਪਾਰਬ੍ਰਹਮ ਪ੍ਰਭ ਨੇਤਰ ਪੇਖੇ, ਜਿਸ ਡਿਠਿਆਂ ਦੁੱਖ ਰਹੇ ਨਾ ਰਾਇਆ । ਨਿਰਾਕਾਰ ਨਿਰਵੈਰ ਧਰਿਆ ਭੇਖੋ, ਭੇਖਾਧਾਰੀ ਰੂਪ ਵਟਾਇਆ । ਜੱਟ ਬਣ ਬਣ ਫਿਰੇ ਵਿਚ ਖੇਤੋ, ਜਗਤ ਖੇਤੀ ਵੇਖ ਵਖਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਰਾਹ ਆਪ ਚਲਾਇਆ ।

ਸਾਚੀ ਸਿਖਿਆ ਕਰੋ ਵਿਚਾਰ, ਗੁਰਸਿਖ ਸਿਖ ਸਮਝਾਈਆ । ਪਿਛਲਾ ਲੇਖਾ ਦੇਵੇ ਪਾੜ, ਜੋ ਚਲ ਆਏ ਸਰਨਾਈਆ । ਅੱਗੋਂ ਮਿਲੇ ਗੋਬਿੰਦ ਯਾਰ, ਪ੍ਰੇਮ ਪਿਆਰ ਨਿਭਾਈਆ । ਪੁਰਖ ਅਬਿਨਾਸ਼ੀ ਆਪਣੀ ਗੋਦ ਲਏ ਉਠਾਲ, ਸਾਚੀ ਸੇਵ ਕਮਾਈਆ । ਆਪ ਪੁੱਛੇ ਮੁਰੀਦਾਂ ਹਾਲ, ਮੁਰਸ਼ਦ ਆਪਣਾ ਰੂਪ ਧਰਾਈਆ । ਗੁਰਸਿਖ ਨੇੜ ਨਾ ਆਏ ਕਾਲ, ਜੋ ਢਹਿ ਪਿਆ ਸਰਨਾਈਆ । ਭਗਤ ਦੁਆਰਾ ਬਣੇ ਸਚੀ ਧਰਮਸਾਲ, ਚਾਰ ਵਰਨ ਸੀਸ ਝੁਕਾਈਆ । ਜਿਸ ਅੰਦਰ ਬਹੇ ਦੀਨ ਦਿਆਲ, ਸਚ ਸਿੰਘਾਸਣ ਸੋਭਾ ਪਾਈਆ । ਨਾਲ ਰਲਾਏ ਗੁਰਮੁਖ ਸਾਚੇ ਲਾਲ, ਲਾਲਨ ਆਪਣਾ ਰੰਗ ਚੜ੍ਹਾਈਆ । ਲੱਖ ਚੁਰਾਸੀ ਵਿਚੋਂ ਭਾਲ, ਭਲ ਦੇਵੇ ਨਾਮ ਵਡਿਆਈਆ । ਸਾਚਾ ਮਾਰਗ ਦਿਤਾ ਵਖਾਲ, ਬਣ ਪਾਂਧੀ ਭੁੱਲ ਨਾ ਜਾਈਆ । ਗੁਰਸਿਖ ਘਾਲਣ ਲੈਣੀ ਘਾਲ, ਘਾਲੀ ਘਾਲ ਨਾ ਬਿਰਥਾ ਜਾਈਆ । ਸਾਹਿਬ ਸਤਿਗੁਰ ਵਸੇ ਨਾਲ ਨਾਲ, ਦਿਵਸ ਰੈਣ ਵੇਖ ਵਖਾਈਆ । ਆਪੇ ਚਲੇ ਆਪਣੀ ਚਾਲ, ਚਾਲ ਨਿਰਾਲੀ ਇਕ ਰਖਾਈਆ । ਆਓ ਲੁਟੋ ਸਚਾ ਧੰਨ ਮਾਲ, ਪੁਰਖ ਅਬਿਨਾਸ਼ੀ ਰਿਹਾ ਲੁਟਾਈਆ । ਸਚੇ ਸ਼ਾਹ ਬਣੋ ਕੰਗਾਲ, ਘਰ ਸਾਚੀ ਵਸਤ ਟਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਨਾਮ ਰਿਹਾ ਵਰਤਾਈਆ ।

ਗੁਰਸਿਖ ਅੱਗੋਂ ਕਰੇ ਸਵਾਲ, ਕੀ ਕੁਛ ਰਿਹਾ ਵਰਤਾਈਆ । ਅਸੀਂ ਭੁੱਖੇ ਨੰਗੇ ਬੁਰਾ ਹਾਲ, ਲੋਕਮਾਤ ਰਹੇ ਕੁਰਲਾਈਆ । ਖਾਣ ਨੂੰ ਲੱਭੇ ਰੋਟੀ ਦਾਲ, ਦੂਸਰ ਵਸਤ ਨਾ ਕੋਇ ਥਿਆਈਆ । ਚਾਰੋਂ ਕੁੰਟ ਜਗਤ ਜੰਜਾਲ, ਦਿਵਸ ਰੈਣ ਲੜਾਈਆ । ਮਾਇਆ ਮਮਤਾ ਕੀਤਾ ਬੇਹਾਲ, ਸੁਰਤੀ ਸੁਰਤ ਭੁਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਕਵਣ ਵਸਤ ਰਿਹਾ ਵਰਤਾਈਆ ।

ਕਵਣ ਵਸਤ ਤੇਰੇ ਕੋਲ, ਗੁਰਮੁਖ ਪੁੱਛ ਪੁਛਾਇੰਦਾ । ਕਵਣ ਦੁਆਰਾ ਦੇਵੇਂ ਖੋਲ੍ਹ, ਆਪਣਾ ਘਰ ਵਖਾਇੰਦਾ । ਕਵਣ ਰੂਪ ਜਾਏਂ ਮੌਲ, ਮੌਲਾ ਨਾਮ ਪਰਗਟਾਇੰਦਾ । ਕਵਣ ਵੇਲਾ ਪੂਰਾ ਕਰੇਂ ਕੌਲ, ਕੀਤਾ ਕੌਲ ਭੁੱਲ ਨਾ ਜਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਹੁਕਮ ਸੁਣਾਇੰਦਾ ।

ਸਾਚੀ ਵਸਤ ਅਗੰਮੀ ਦਾਤ, ਹਰਿ ਆਪਣੇ ਹੱਥ ਰਖਾਇੰਦਾ । ਜਿਸ ਅੰਮ੍ਰਿਤ ਪਿਆਏ ਬੂੰਦ ਸਵਾਂਤ, ਤ੍ਰਿਸ਼ਨਾ ਭੁੱਖ ਨਾ ਕੋਇ ਰਖਾਇੰਦਾ । ਜਿਸ ਦਰਸ ਦਿਖਾਏ ਇਕ ਇਕਾਤ, ਆਪ ਆਪਣਾ ਮੇਲ ਮਿਲਾਇੰਦਾ । ਕਲਜੁਗ ਅੰਤਮ ਇਕੋ ਬੰਨ੍ਹਾਂ ਚਰਨ ਨਾਤ, ਨਾਤਾ ਫੇਰ ਨਾ ਕੋਇ ਤੁੜਾਇੰਦਾ । ਗੋਬਿੰਦ ਪੂਰਾ ਕਰਾਂ ਭਵਿਖਤ ਵਾਕ, ਭਾਖਿਆ ਹੋਰ ਨਾ ਕੋਇ ਸਮਝਾਇੰਦਾ । ਆਪਣੀ ਕਰਨੀ ਦੇਵੇ ਸਾਥ, ਕਰਤਾ ਸਾਚੀ ਕਿਰਤ ਕਮਾਇੰਦਾ । ਗੁਰਸਿਖ ਇਕੋ ਦੱਸਾਂ ਪੂਜਾ ਪਾਠ, ਜਿਸ ਦਾ ਭੇਵ ਕੋਇ ਨਾ ਪਾਇੰਦਾ । ਸੋਹੰ ਗੌਣੀ ਸਾਚੀ ਗਾਥ, ਜਗਤ ਗਾਥਾ ਪੰਧ ਮੁਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਅੱਖਰ ਆਪ ਪੜ੍ਹਾਇੰਦਾ । (੧੧-੨੦)

★ ★ ★ ★ ★
★ ★ ★ ★ ★

ਗੁਰਸਿਖ ਫਿਰਨ ਜ਼ੋਰੋ ਜ਼ੋਰੀ, ਆਪਣਾ ਜ਼ੋਰ ਵਖਾਈਆ । ਸਿਰ ਤੇ ਚੁੱਕਣ ਸੀਮਿੰਟ ਬੋਰੀ, ਫਿਰਨ ਵਾਹੋ ਦਾਹੀਆ । ਫਿਰ ਵੀ ਕਹਿਣ ਅਜੇ ਥੋੜੀ, ਮਨ ਸਾਂਤ ਨਾ ਆਈਆ । ਭੱਜੇ ਨੱਠੇ ਕਰਨ ਬੌਹੜੀ ਬੌਹੜੀ, ਵੇਲਾ ਗਿਆ ਹੱਥ ਨਾ ਆਈਆ । ਜਿਸ ਨੂੰ ਲੱਭਦੇ ਫਿਰਦੇ ਵਿਚ ਰਾਗ ਗੌੜੀ, ਸੋ ਗੌੜ ਆਪਣਾ ਰੂਪ ਵਟਾਈਆ । ਜਿਸ ਨੂੰ ਗੌਂਦਾ ਵਾਰ ਪੜ੍ਹ ਪੜ੍ਹ ਪੌੜੀ, ਸੋ ਪੌੜਾ ਰਿਹਾ ਲਗਾਈਆ । ਲੱਖ ਚੁਰਾਸੀ ਕੋਲੋਂ ਕਰੇ ਚੋਰੀ, ਬਣ ਬਣ ਚੋਰ ਵੇਖ ਵਖਾਈਆ । ਅਨਡਿਠੀ ਬੱਧੀ ਗੁਰਸਿਖਾਂ ਅੰਦਰ ਡੋਰੀ, ਅੱਠੇ ਪਹਿਰ ਹਿਲਾਈਆ । ਆਪਣੇ ਨਾਲ ਜਾਏ ਤੋਰੀ, ਤੁਰਤ ਆਪਣਾ ਪੰਧ ਮੁਕਾਈਆ । ਕੋਇ ਨਾ ਵੇਖੇ ਰੈਣ ਅੰਧੇਰ ਘੋਰੀ, ਸਾਰੇ ਕਹਿਣ ਸਤਿਗੁਰ ਕਰੀ ਰੁਸ਼ਨਾਈਆ । ਅੱਲਾ ਰਾਣੀ ਬਾਂਕੀ ਛੋਹਰੀ, ਨੇਤਰ ਨੈਣਾਂ ਨੀਰ ਵਹਾਈਆ । ਕੀ ਕਰਾਂ ਪ੍ਰਭ ਆਪਣਾ ਖੇਲ ਕਰੇ ਹੌਲੀ ਹੌਲੀ, ਹਵਾਲਾਤ ਰਿਹਾ ਬਣਾਈਆ । ਜਿਸ ਆਪਣੀ ਪਹਿਲੋਂ ਬਦਲੀ ਚੋਲੀ, ਗੁਰਮੁਖਾਂ ਚੋਲਾ ਦਏ ਬਦਲਾਈਆ । ਮੈਂ ਡਰਦੀ ਫਿਰਦੀ ਮੈਨੂੰ ਕਰ ਨਾ ਦੇਵੇ ਗੋਲੀ, ਆਪਣੇ ਭਗਤਾਂ ਦਰ ਬਹਾਈਆ । ਮੈਂ ਆਪਣੀ ਘੁੰਡੀ ਕਿਸੇ ਕੋਲ ਨਾ ਖੋਲ੍ਹੀ, ਨਾ ਦੱਸਾਂ ਕਿਸੇ ਸੁਣਾਈਆ । ਚੌਦਾਂ ਸਦੀਆਂ ਜਿਸ ਖੇਲੀ ਹੋਲੀ, ਤਿਸ ਦੇ ਹੌਕੇ ਰਹੀ ਭਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਸੇਵਾ ਵੇਖ ਵਖਾਈਆ । (੧੧-੨੧, ੨੨)

★ ★ ★ ★ ★
★ ★ ★ ★ ★

ਗੁਰ ਅਵਤਾਰ ਪੀਰ ਪੈਗ਼ੰਬਰ ਛੁੱਟਿਆ ਸਾਥ, ਸਗਲਾ ਸੰਗ ਤਜਾਇਆ । ਰਾਮ ਕ੍ਰਿਸ਼ਨ ਤਜਿਆ ਤ੍ਰਲੋਕੀ ਨਾਥ, ਨਿਰਗੁਣ ਖੇਲ ਖਲਾਇਆ । ਰਵ ਸਸ ਭੁੱਲਿਆ ਦਿਵਸ ਰਾਤ, ਚੰਦ ਚਾਂਦਨੀ ਮੁੱਖ ਛੁਪਾਇਆ । ਲੇਖਾ ਚੁੱਕਿਆ ਪੂਜਾ ਪਾਠ, ਪੜ੍ਹ ਪੜ੍ਹ ਧੀਰ ਨਾ ਕੋਇ ਧਰਾਇਆ । ਪੁਰਖ ਅਬਿਨਾਸ਼ ਖੇਲ ਤਮਾਸ਼, ਲੋਕਮਾਤ ਆਪ ਕਰਾਇਆ । ਵੇਸ ਵਟਾ ਪ੍ਰਿਥਮੀ ਆਕਾਸ਼, ਗਗਨ ਮੰਡਲ ਰਿਹਾ

ਸੁਹਾਇਆ । ਕਲਜੁਗ ਅੰਤਮ ਸਭ ਕੋਲੋਂ ਹੋ ਉਦਾਸ, ਭਗਤਾਂ ਦੁਆਰੇ ਫੇਰੇ ਪਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹਿਆ ।

ਬੇਪਰਵਾਹ ਖੇਲ ਖਲਾ, ਵੇਖੇ ਚਾਈਂ ਚਾਈਆ । ਰਾਤੀਂ ਸੁਤਿਆਂ ਗੁਰਸਿਖ ਲਏ ਜਗਾ, ਜੁਗਤੀ ਆਪਣੇ ਹੱਥ ਵਖਾਈਆ । ਆਪਣੀ ਪ੍ਰੇਮ ਰੱਤ ਨਾਲ ਦਏ ਨੁਹਾ, ਜਗਤ ਨੀਰ ਨਾ ਕੋਇ ਰਖਾਈਆ । ਕਰ ਕਰ ਸੇਵਾ ਚੜ੍ਹਿਆ ਸਾਹ, ਦਿਵਸ ਰੈਣ ਸੇਵ ਕਮਾਈਆ । ਲੱਖ ਚੁਰਾਸੀ ਕੋਈ ਵੇਖੇ ਨਾ, ਨੇਤਰ ਨਜ਼ਰ ਕਿਸੇ ਨਾ ਆਈਆ । ਆਪਣਾ ਖੇੜਾ ਆਪੇ ਗਿਆ ਢਾਹ, ਗੁਰਮੁਖਾਂ ਖੇੜਾ ਰਿਹਾ ਬਣਾਈਆ । ਏਸੇ ਕਾਰਨ ਸਿੰਘ ਪੂਰਨ ਲਿਆ ਪਰਨਾ, ਪੂਰਨ ਪਰਮੇਸ਼ਵਰ ਵਿਚ ਸਮਾਈਆ । ਪੁੱਤਰ ਧੀਆਂ ਨਾਤਾ ਲਿਆ ਤੁੜਾ, ਜਗਤ ਮੋਹ ਨਾ ਲਿਆ ਵਧਾਈਆ । ਗੁਰਮੁਖਾਂ ਫੜ ਫੜ ਬਾਂਹ, ਆਪਣੇ ਅੱਗੇ ਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਸੇਵਾ ਆਪ ਕਮਾਈਆ ।

ਸੇਵਾ ਕਰਨ ਦਾ ਇਕੋ ਮੌਕਾ, ਛੱਤੀ ਦਿਨ ਜਣਾਇਆ । ਬਿਨ ਭਗਤੀ ਤਰਨਾ ਸੌਖਾ, ਮਾਰਗ ਇਕ ਲਗਾਇਆ । ਗੁਰਸਿਖ ਜੇ ਇਸ ਨੂੰ ਜਾਣੇ ਔਖਾ, ਔਖਾ ਘਾਟ ਨਜ਼ਰੀ ਆਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲਹਿਣਾ ਦੇਣਾ ਵੇਖ ਵਖਾਇਆ ।

ਸੇਵਾ ਕਰਨ ਦਾ ਸਾਚਾ ਵਕਤ, ਛੱਤੀ ਦਿਨ ਵੰਡ ਵੰਡਾਈਆ । ਪਾਲ ਸਿੰਘ ਫਸਿਆ ਮੋਹ ਜਗਤ, ਜੁਗਤ ਗਿਆ ਭੁਲਾਈਆ । ਪ੍ਰਭ ਲੇਖੇ ਲਾਈ ਰਕਤ, ਪੂਰਬ ਲਹਿਣਾ ਝੋਲੀ ਪਾਈਆ । ਆਪ ਸੁਹਾਇਆ ਉਸ ਦਾ ਵਕਤ, ਸਿਰ ਆਪਣਾ ਹੱਥ ਟਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਅੰਤ ਹੋਏ ਸਹਾਈਆ ।

ਪਾਲ ਸਿੰਘ ਦੀ ਕਰ ਪ੍ਰਿਤਪਾਲ, ਆਪਣੀ ਦਇਆ ਕਮਾਇੰਦਾ । ਰਾਤੀਂ ਸੁਤਿਆਂ ਦਏ ਨੁਹਾਲ, ਦੁਰਮਤ ਮੈਲ ਧੁਵਾਇੰਦਾ । ਮਾਇਆ ਝੂਠੀ ਜਗਤ ਜੰਜਾਲ, ਜੀਵ ਜੰਤ ਕੁਰਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਛੱਤੀ ਦਿਵਸ ਦਾ ਸਾਚਾ ਫਲ, ਗੁਰਸਿਖਾਂ ਝੋਲੀ ਪਾਇੰਦਾ ।

ਸੇਵਾ ਕਰੇ ਜੋ ਆ ਦੁਆਰ, ਜੁਗ ਛੱਤੀ ਮਿਲੇ ਵਡਿਆਈਆ । ਪੁਰਖ ਅਬਿਨਾਸ਼ੀ ਬਣਿਆ ਰਹੇ ਮਿੱਤਰ ਯਾਰ, ਯਾਰੜਾ ਸੱਥਰ ਆਪ ਹੰਢਾਈਆ । ਗੁਰਸਿਖ ਭੁੱਲੇ ਜੋ ਵਿਚ ਸੰਸਾਰ, ਮੂਰਖ ਮੁਗਧ ਰੂਪ ਵਟਾਈਆ । ਤਿਸ ਕਰੇ ਆਪ ਪ੍ਰਿਤਪਾਲ, ਹੋਏ ਸੰਗ ਸਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਅੰਗ ਬਣਾਈਆ । (੧੧-੧੨੫ ੨੧ ਮੱਘਰ ੨੦੧੮)

★ ★ ★ ★ ★
★ ★ ★ ★ ★

ਸਚ ਪ੍ਰੀਤ ਹਰਿ ਕੀ ਸੇਵਾ, ਸੇਵਾ ਸਚ ਵਿਚ ਸਮਾਈਆ । ਸਚ ਪ੍ਰੀਤ ਅੰਮ੍ਰਿਤ ਮੇਵਾ, ਅੰਮਿਉਂ ਰਸ ਰਸ ਚਖਾਈਆ । ਸਚ ਪ੍ਰੀਤ ਵਡ ਦੇਵੀ ਦੇਵਾ, ਦੇਵਤ ਸੁਰ ਆਪ ਸਮਝਾਈਆ । ਸਚ ਪ੍ਰੀਤ ਰਸਨਾ ਜਿਹਵਾ, ਹਰਿ ਹਰਿ ਨਾਮ ਧਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਮਾਰਗ ਆਪ ਲਗਾਈਆ ।

ਸਚ ਪ੍ਰੀਤ ਰੱਖੀ ਆਦਿ, ਆਦਤ ਆਪਣੀ ਇਕੋ ਪਾਈਆ । ਸਚ ਪ੍ਰੀਤ ਅੰਦਰ ਹੋ ਵਿਸਮਾਦ, ਵਿਸਮਾਦੀ ਆਪਣੀ ਕਾਰ ਕਮਾਈਆ । ਸਚ ਪ੍ਰੀਤ ਪਰੇਮੀ ਨਾਦ, ਅਨਾਦੀ ਰਾਗ ਸੁਣਾਈਆ । ਸਚ ਪ੍ਰੀਤੀ ਸਚਾ ਸਾਕ, ਸੱਜਣ ਸੈਣ ਰੂਪ ਵਟਾਈਆ । ਸਚ ਪ੍ਰੀਤੀ ਖੋਲ੍ਹੇ ਤਾਕ, ਬੰਦ ਕਵਾੜੀ ਕੁੰਡਾ ਲਾਹੀਆ । ਸਚ ਪ੍ਰੀਤੀ ਸਾਚੇ ਹਾਟ, ਸੋ ਪੁਰਖ ਨਿਰੰਜਣ ਆਪ ਰਖਾਈਆ । ਸਚ ਪ੍ਰੀਤੀ ਸਾਚੀ ਦਾਤ, ਹਰਿ ਸ਼ਬਦੀ ਆਪ ਵਰਤਾਈਆ । ਸਚ ਪ੍ਰੀਤੀ ਦੇ ਦੇ ਗਾਥ, ਨਾਮ ਨਿਧਾਨ ਕਰੇ ਪੜ੍ਹਾਈਆ । ਸਚ ਪ੍ਰੀਤੀ ਨਿਭਾਵੇ ਸਾਥ, ਅੰਗੀਕਾਰ ਆਪ ਹੋ ਜਾਈਆ । ਸਚ ਪ੍ਰੀਤੀ ਪਾਏ ਰਾਸ, ਮੰਡਲ ਮੰਡਪ ਗੋਪੀ ਕਾਹਨ ਨਚਾਈਆ । ਸਚ ਪ੍ਰੀਤੀ ਭਾਗ ਲਗਾਏ ਜੰਗਲ ਜੂਹ ਉਜਾੜ ਪਹਾੜ ਵਿਚ ਪਰਭਾਸ, ਟਿੱਲੇ ਪਰਬਤ ਖ਼ੁਸ਼ੀ ਮਨਾਈਆ । ਸਚ ਪ੍ਰੀਤੀ ਸਭ ਦੀ ਪੂਰੀ ਕਰੇ ਆਸ, ਨਿਰਾਸਾ ਕੋਇ ਰਹਿਣ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਪ੍ਰੀਤੀ ਇਕੋ ਇਕ ਜਣਾਈਆ ।

ਸਚ ਪ੍ਰੀਤੀ ਦੱਸੀ ਇਕ, ਏਕੰਕਾਰ ਦਇਆ ਕਮਾਈਆ । ਸਚ ਪ੍ਰੀਤੀ ਬਖ਼ਸ਼ੀ ਹਿਤ, ਹਿਤਕਾਰੀ ਹੋ ਸਹਾਈਆ । ਸਚ ਪ੍ਰੀਤੀ ਰਹੇ ਨਿਤ ਨਵਿਤ, ਆਪਣੇ ਬੰਧਨ ਪਾਈਆ । ਸਚ ਪ੍ਰੀਤੀ ਸਾਚੀ ਸਿਖ, ਸਿਖਿਆ ਇਕ ਸਮਝਾਈਆ । ਸਚ ਪ੍ਰੀਤੀ ਆਪੇ ਲਿਖ, ਵੇਖਣਹਾਰ ਆਪ ਹੋ ਜਾਈਆ । ਸਚ ਪ੍ਰੀਤੀ ਪਾਏ ਭਿਖ, ਭਿਛਿਆ ਆਪਣਾ ਨਾਮ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਆਪ ਕਮਾਈਆ । (੧੪-੭੦੬)

ਕਲਮ ਸ਼ਾਹੀ ਦਵਾਤ ਦਾ ਬਿਆਨ :

. . . . ਸਾਚੇ ਭਗਤਾਂ ਲੇਖ ਲਿਖਾਵਾਂਗੀ । ਤੇਰੇ ਨਾਮ ਨਾਲ ਮਿਲਾਵਾਂਗੀ । ਹੱਡ ਮਾਸ ਨਾੜੀ ਚਾਮ ਪ੍ਰੇਮ ਰੰਗ ਇਕ ਚੜ੍ਹਾਵਾਂਗੀ । ਨਾਤਾ ਤੋੜ ਲੋਭ ਮੋਹ ਹੰਕਾਰ, ਕਰੋਧ ਕਾਮ ਮੇਟ ਮਿਟਾਵਾਂਗੀ । ਗੁਰਮੁਖ ਕੋਈ ਨਾ ਕਰੇ ਆਰਾਮ, ਹਰਫ਼ ਇਕੋ ਇਕ ਸਮਝਾਵਾਂਗੀ । ਦਰ ਦਰਵੇਸ਼ ਬਣ ਗ਼ੁਲਾਮ, ਘਰ ਘਰ ਅਲਖ ਜਗਾਵਾਂਗੀ । ਸਾਚਾ ਮੇਲਾ ਸ੍ਰੀ ਭਗਵਾਨ, ਦੂਜਾ ਨਾਤਾ ਤੋੜ ਤੁੜਾਵਾਂਗੀ । ਕਲਜੁਗ ਅੰਤਮ ਲਿਖ ਕੇ ਇਕੋ ਗਿਆਨ, ਚੌਦਾਂ ਵਿਦਿਆ ਪੰਧ ਮੁਕਾਵਾਂਗੀ । ਤੂੰ ਮੇਰਾ ਮੈਂ ਤੇਰੇ ਦਰ ਹੋਈ ਪਰਵਾਨ, ਘਰ ਇਕੋ ਇਕ ਵਖਾਵਾਂਗੀ । ਸਾਚਾ ਝੁਲਦਾ ਰਹੇ ਨਿਸ਼ਾਨ, ਨਿਸ਼ਾਨਾ ਇਕੋ ਇਕ ਚੜ੍ਹਾਵਾਂਗੀ । ਲੋਕਮਾਤ ਗੁਰਮੁਖ ਬਣ ਕੇ ਆਏ ਮਹਿਮਾਨ, ਤਿਨ੍ਹਾਂ ਦਾ ਸਿਫ਼ਤੀ ਰਾਗ ਅਲਾਵਾਂਗੀ । ਜਿਸ ਵੇਲੇ ਮੁੜ ਕੇ ਘਰ ਨੂੰ ਜਾਣ, ਕਰ ਕਰ ਸੇਵਾ ਲਿਖ ਲਿਖ ਲੇਖਾ ਅਗਲਾ ਧਾਮ ਸਾਫ਼ ਕਰਾਵਾਂਗੀ । ਚਾਰ ਜੁਗ ਮੈਂ ਬਣੀ ਰਹੀ ਨਾਦਾਨ, ਅੰਤਮ ਆਪਣੀ ਅੱਖ ਖੁਲ੍ਹਾਵਾਂਗੀ । ਜਿਨ੍ਹਾਂ ਮੈਨੂੰ ਕੀਤਾ ਪਰਵਾਨ, ਤਿਨ੍ਹਾਂ ਪਰਵਾਨਾ ਲਿਖ ਕੇ ਹੱਥ ਫੜਾਵਾਂਗੀ । ਆਦਿ ਜੁਗਾਦਿ ਕਿਸੇ ਨਾ ਮਿਲਿਆ ਵਿਸ਼ਨੂੰ ਭਗਵਾਨ, ਜੁਗ ਵਿਛੜਿਆਂ ਕਾਗ਼ਜ਼ ਉਤੇ ਫੜ ਮਿਲਾਵਾਂਗੀ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਤੇਰੇ ਭਗਤਾਂ ਸੰਗ ਨਿਭਾਵਾਂਗੀ । (੧੫-੨੦੭)

★ ੧੪ ਮਾਘ ੨੦੨੦ ਬਿਕਰਮੀ ਪ੍ਰੀਤਮ ਸਿੰਘ ਦੇ ਗ੍ਰਹਿ ਬਾਬੂਪੁਰ ★

ਸੇਵਾ ਕਹੇ ਮੇਰੇ ਪਰਬੀਨ, ਬੇਨਜ਼ੀਰ ਤੇਰੀ ਸਰਨਾਈਆ । ਮੈਂ ਨਿਰਧਨ ਹੋ ਮਸਕੀਨ, ਦਰ ਠਾਂਡੇ ਸੀਸ ਨਿਵਾਈਆ । ਜੁਗ ਚੌਕੜੀ ਰਹੀ ਅਧੀਨ, ਨੇਤਰ ਨੈਣ ਨਾ ਕੋਇ ਉਠਾਈਆ । ਤੇਰਾ ਵੇਖ ਖੇਲ ਯਾਮੁਬੀਨ, ਮਿਹਰਵਾਨ ਭੇਵ ਕੋਇ ਨਾ ਆਈਆ । ਮੈਂ ਵੇਖ ਥੱਕੀ ਲੋਕ ਤੀਨ, ਚਾਰੋਂ ਕੁੰਟ ਧਿਆਨ ਲਗਾਈਆ । ਬਿਰਹੋਂ ਵਿਛੋੜੇ ਅੰਦਰ ਤੜਫਾਂ ਜਿਉਂ ਜਲ ਮੀਨ, ਬਿਲਪ ਚਾਤਰਕ ਵਾਂਗ ਕੁਰਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ ।

ਸੇਵਾ ਕਹੇ ਮੈਂ ਜਗਤ ਨਿਮਾਣੀ, ਹਸਤੀ ਨਜ਼ਰ ਕੋਇ ਨਾ ਆਈਆ । ਜੁਗ ਚੌਕੜੀ ਭਰਦੀ ਰਹੀ ਪਾਣੀ, ਪੀਸਣ ਪੀਸ ਸੇਵ ਕਮਾਈਆ । ਬਣੀ ਰਹੀ ਬਾਲ ਅਞਾਣੀ, ਬਲ ਬੁੱਧ ਨਾ ਕੋਇ ਰਖਾਈਆ । ਫਿਰ ਫਿਰ ਵੇਖਦੀ ਰਹੀ ਚਾਰੇ ਖਾਣੀ, ਅੰਡਜ ਜੇਰਜ ਉਤਭੁਜ ਸੇਤਜ ਧਿਆਨ ਲਗਾਈਆ । ਪੁਰਖ ਅਕਾਲ ਮੇਰੇ ਮਿਹਰਵਾਨ ਮੈਨੂੰ ਕਿਸੇ ਨਾ ਬਣਾਇਆ ਧੁਰ ਦੀ ਰਾਣੀ, ਸਿਰ ਹੱਥ ਨਾ ਕੋਇ ਟਿਕਾਈਆ । ਮੈਂ ਕੋਝੀ ਕਮਲੀ ਮਾਤ ਪਛਤਾਣੀ, ਪਸਚਾਤਾਪ ਵਿਚ ਵਕਤ ਲੰਘਾਈਆ । ਸਚ ਦਵਾਰੇ ਦੇਵੇ ਨਾ ਕੋਇ ਮਾਣੀ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰਵਾਨ ਹੋ ਸਹਾਈਆ ।

ਸੇਵਾ ਕਹੇ ਮੈਂ ਹੋਛੀ ਮੱਤ, ਮਾਤ ਚਲੇ ਨਾ ਕੋਇ ਚਤੁਰਾਈਆ । ਸਾਚਾ ਕਰੇ ਨਾ ਕੋਈ ਸਾਥ, ਸੰਗੀ ਸੰਗ ਨਾ ਕੋਇ ਨਿਭਾਈਆ । ਨੇਤਰ ਉਠਾ ਵੇਖੇ ਨਾ ਕੋਈ ਅੱਖ, ਨੈਨਣ ਨੈਣ ਨੈਣ ਸ਼ਰਮਾਈਆ । ਮੇਰਾ ਕਿਸੇ ਨਾ ਦਿਤਾ ਹੱਕ, ਹਕੀਕਤ ਝੋਲੀ ਕੋਇ ਨਾ ਪਾਈਆ । ਦਰੋਹੀ ਖ਼ੁਦਾਏ ਗਈ ਥੱਕ, ਥਕਾਵਟ ਮੇਰੀ ਨਾ ਕੋਇ ਮਿਟਾਈਆ । ਫਿਰ ਫਿਰ ਵੇਖਿਆ ਜਗਤ ਹੱਟ, ਘਰ ਘਰ ਆਪਣੀ ਅਲਖ ਜਗਾਈਆ । ਮੇਰੀ ਕੋਈ ਨਾ ਰੱਖੇ ਪੱਤ, ਧੀਰਜ ਧੀਰ ਨਾ ਕੋਇ ਧਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰਵਾਨ ਤੇਰੀ ਵਡਿਆਈਆ ।

ਸੇਵਾ ਕਹੇ ਮੈਂ ਬਾਲੀ ਨੱਢੀ, ਬਚਪਨ ਵਿਚ ਦਿਆਂ ਦੁਹਾਈਆ । ਸ਼ਾਹ ਸੁਲਤਾਨਾਂ ਘਰੋਂ ਕੱਢੀ, ਜਗਤ ਜਹਾਨ ਨਾ ਕੋਇ ਢੋਈਆ । ਮੇਰਾ ਦੁਖੀ ਅੰਗ ਅੰਗ ਕਰੇ ਹੱਡੀ, ਤੱਤ ਤੱਤ ਰਿਹਾ ਕੁਰਲਾਈਆ । ਮੇਰੀ ਧਾਰ ਕਿਸੇ ਨਾ ਬੱਧੀ, ਰੀਤ ਮਾਤ ਨਾ ਕੋਇ ਜਣਾਈਆ । ਬੀਤੇ ਕਾਲ ਕੋਟ ਸਦੀ, ਸਿਰ ਸਦਕਾ ਨਾ ਕੋਇ ਸਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮੋਹੇ ਦੇ ਮਾਣ ਵਡਿਆਈਆ ।

ਸੇਵਾ ਕਹੇ ਮੈਂ ਨਿੱਕੀ ਬਾਲੀ, ਸੋਚ ਸਮਝ ਨਾ ਕੋਇ ਰਖਾਈਆ । ਜੁਗ ਚੌਕੜੀ ਘਾਲ ਘਾਲੀ, ਨਿਤ ਨਵਿਤ ਕਾਰ ਕਮਾਈਆ । ਜਿਸ ਵੇਲੇ ਵੇਖਾਂ ਹੱਥ ਦੋਵੇਂ ਖ਼ਾਲੀ, ਵਸਤੂ ਨਜ਼ਰ ਕੋਇ ਨਾ ਆਈਆ । ਨਾਨਕ ਨਿਰਗੁਣ ਦੱਸ ਕੇ ਗਿਆ ਦਲਾਲੀ, ਸਾਚੀ ਸਿਖਿਆ ਇਕ ਸਮਝਾਈਆ । ਅੰਗਦ ਕਿਹਾ ਬੇਮਿਸਾਲੀ, ਮਿਸਲ ਸਭ ਦੀ ਦਏ ਬਣਾਈਆ । ਅਮਰਦਾਸ ਕਿਹਾ ਧੁਰ ਦਾ ਮਾਲੀ, ਮਾਲਕ ਇਕੋ ਬੇਪਰਵਾਹੀਆ । ਰਾਮਦਾਸ ਬੋਲ ਕਿਹਾ ਸਾਹਿਬ ਸਤਿਗੁਰ ਦੀਨ ਦਿਆਲੀ, ਦਇਆਵਾਨ ਵੱਡੀ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦੇ ਮਾਣ ਵਡਿਆਈਆ ।

ਸੇਵਾ ਕਹੇ ਮੈਂ ਜਗਤ ਨਿਮਾਣੀ, ਨਿਰਧਨ ਆਪਣਾ ਨਾਉਂ ਰਖਾਈਆ । ਚਾਰ ਜੁਗ ਮੇਰੀ ਕਰੇ ਨਾ ਕੋਈ ਪਹਿਚਾਨੀ, ਮੰਦਰ ਘਰ ਨਾ ਕੋਇ ਵਸਾਈਆ । ਪ੍ਰੇਮੀ ਮਿਲੇ ਨਾ ਕੋਈ ਹਾਣੀ, ਓਢਣ ਸੀਸ ਨਾ ਕੋਇ ਟਿਕਾਈਆ । ਸਚੀ ਦੇਵੇ ਨਾ ਕੋਈ ਨਿਸ਼ਾਨੀ, ਨਿਸ਼ਾਨਾ ਹੱਥ ਨਾ ਕੋਇ ਫੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰਵਾਨ ਹੋ ਸਹਾਈਆ ।

ਸੇਵਾ ਕਹੇ ਮੈਂ ਘੋਲ ਘੋਲੀ, ਸੀਸ ਜਗਦੀਸ ਨਿਵਾਈਆ । ਜੁਗ ਚੌਕੜੀ ਕਦੇ ਨਾ ਬੋਲੀ, ਚੁੱਪ ਚੁਪੀਤੀ ਕਾਰ ਕਮਾਈਆ । ਕਲਜੁਗ ਅੰਤਮ ਅੰਤਰ ਹਿਰਦੇ ਮੈਂ ਵੀ ਡੋਲੀ, ਧੀਰਜ ਨਜ਼ਰ ਕੋਇ ਨਾ ਆਈਆ । ਚਾਰੋਂ ਕੁੰਟ ਵੇਖਿਆ ਪੈਂਦੀ ਰੌਲੀ, ਹੋਕਾ ਦੇਵੇ ਜਗਤ ਲੋਕਾਈਆ । ਜਨ ਭਗਤ ਕਹਿਣ ਸ੍ਰੀ ਭਗਵਾਨ ਹੱਥ ਲੈ ਕੇ ਮੈਂਹਦੀ ਮੌਲੀ, ਤੰਦ ਸਗਨ ਨਾਮ ਬੰਧਾਈਆ । ਸਚ ਦਰਗਾਹ ਜਿਸ ਨੇ ਖੋਲ੍ਹੀ, ਦੇਵੇ ਸਰਬ ਮਾਣ ਵਡਿਆਈਆ । ਮੈਂ ਵੀ ਚਲ ਕੇ ਆਈ ਹੌਲੀ ਹੌਲੀ, ਪਿਛਲਾ ਪੰਧ ਮੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚਾ ਦੇਣਾ ਇਕ ਵਰ, ਵਰ ਦਾਤੇ ਦਰ ਤੇਰੇ ਮੰਗ ਮੰਗਾਈਆ ।

ਸੇਵਾ ਕਹੇ ਮੈਂ ਆਈ ਚਲ, ਦੂਰ ਦੁਰਾਡਾ ਪੰਧ ਮੁਕਾਈਆ । ਪਰਬਤ ਚੋਟੀ ਟਿੱਲੇ ਰਹੇ ਹੱਲ, ਜੰਗਲ ਜੂਹ ਧਿਆਨ ਲਗਾਈਆ । ਸ਼ਾਹੀ ਲਸ਼ਕਰ ਵੇਖਣ ਦਲ, ਫ਼ੌਜਦਾਰ ਨੈਣ ਉਠਾਈਆ । ਮੈਂ ਸਭਨਾ ਕਰ ਕੇ ਵਲ ਛਲ, ਓਝਲ ਹੋ ਕੇ ਮੁੱਖ ਛੁਪਾਈਆ । ਕਿਰਪਾ ਕਰ ਮੇਰੇ ਭਗਵਨ, ਸਾਹਿਬ ਤੇਰੀ ਓਟ ਤਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਚਾ ਵਰ, ਸਾਚੀ ਕਰਨੀ ਦਏ ਜਣਾਈਆ ।

ਸੇਵਾ ਕਹੇ ਮੈਨੂੰ ਆਇਆ ਦੁੱਖ, ਦੁੱਖਾ ਇਕੋ ਨਜ਼ਰੀ ਆਈਆ । ਮੇਰੇ ਪ੍ਰੇਮੀਆਂ ਸਦਾ ਰਹੇ ਭੁੱਖ, ਕੰਗਲਾ ਰੂਪ ਵਟਾਈਆ । ਮੈਂ ਓਨ੍ਹਾਂ ਮੰਗਾਂ ਸੁੱਖ, ਦਰ ਤੇਰੇ ਕਰ ਅਰਜ਼ੋਈਆ । ਤੇਰੀ ਦੋ ਜਹਾਨ ਲੁੱਟ, ਮੈਂ ਮੁਹਤਾਜ ਝੋਲੀ ਡਾਹੀਆ । ਕਿਰਪਾ ਕਰ ਪ੍ਰਭ ਤੁਠ, ਮਿਹਰ ਨਜ਼ਰ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਭਿਛਿਆ ਦੇ ਵਰਤਾਈਆ ।

ਸੇਵਾ ਕਹੇ ਮੈਂ ਕੋਝੀ ਕਮਲੀ, ਮੂਰਖ ਮੱਤ ਰਹੀ ਕੁਰਲਾਈਆ । ਬਿਰਹੋਂ ਵਿਛੋੜੇ ਕੀਤੀ ਬਵਲੀ, ਸੁਰਤੀ ਸੁਰਤ ਭੁਵਾਈਆ । ਮਿਲੇ ਮਾਣ ਨਾ ਉਪਰ ਧਵਲੀ, ਧਰਨੀ ਧਰਤ ਨਾ ਕੋਇ ਸਹਾਈਆ । ਖ਼ਾਲੀ ਵੇਖ ਮੇਰੀ ਬਗ਼ਲੀ, ਭਿਛਿਆ ਨਜ਼ਰ ਕੋਇ ਨਾ ਆਈਆ । ਕੀ ਹਾਲਤ ਦੱਸਾਂ ਸਾਹਿਬ ਅਗਲੀ, ਬਲ ਰਹਿਣ ਕੋਇ ਨਾ ਪਾਈਆ । ਮੈਂ ਵੇਖ ਕੇ ਖ਼ੁਸ਼ ਇਕੋ ਹੋਈ ਤੂੰ ਭਗਤਾਂ ਸੀਸ ਬੱਧੀ ਪਗੜੀ, ਸਿਰ ਆਪਣਾ ਹੱਥ ਟਿਕਾਈਆ । ਓਨ੍ਹਾਂ ਪਿਛੇ ਮੈਂ ਹੋ ਕੇ ਆਈ ਤਕੜੀ, ਬਲ ਆਪਣਾ ਨਾਲ ਮਿਲਾਈਆ । ਬਿਨ ਤੇਰੀ ਕਿਰਪਾ ਟੰਗੋਂ ਹੋਈ ਲੰਗੜੀ, ਭੱਜ ਸਕਾਂ ਨਾ ਵਾਹੋ ਦਾਹੀਆ । ਕੂੜੀ ਕਿਰਿਆ ਮੈਨੂੰ ਰਹੀ ਜਕੜੀ, ਕਦਮ ਸਕਾਂ ਨਾ ਕੋਇ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਸਚਾ ਵਰ, ਮੈਂ ਵੇਖ ਕੇ ਆਈ ਬ੍ਰਹਿਮਣ ਸ਼ੱਤਰੀ, ਸ਼ੂਦਰ ਵੈਸ਼ ਦਰ ਦਰ ਫੇਰਾ ਪਾਈਆ ।

ਸੇਵਾ ਕਹੇ ਮੈਂ ਹੋਈ ਨਾਲਾਇਕ, ਮੋਹੇ ਮਿਲੇ ਨਾ ਕੋਇ ਵਡਿਆਈਆ । ਆਦਿ ਜੁਗਾਦਿ ਮੈਂ ਸਭ ਦੇ ਰਹੀ ਮਾਤਹਿਤ, ਹੁਕਮੇ ਅੰਦਰ ਫੇਰਾ ਪਾਈਆ । ਮੈਨੂੰ ਕਰੇ ਨਾ ਕੋਈ ਰਿਆਇਤ, ਝੋਲੀ ਦਰ ਨਾ ਕੋਇ ਭਰਾਈਆ । ਸਾਰੇ ਕਰਦੇ ਰਹਿਣ ਹਦਾਇਤ, ਆਪਣਾ ਜ਼ੋਰ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚਾ ਦੇ ਇਕ ਵਰ, ਸਾਹਿਬ ਸਤਿਗੁਰ ਦੀਨ ਦਿਆਲ ਦਇਆ ਕਮਾਈਆ ।

ਸੇਵਾ ਕਹੇ ਮੇਰਾ ਕੋਈ ਨਾ ਮੁੱਲ, ਕੀਮਤ ਕਰਤੇ ਨਾ ਕੋਈ ਪਾਇੰਦਾ । ਕੋਝੀ ਕਮਲੀ ਜੇ ਗਈ

ਭੁੱਲ, ਭੁਲਿਆਂ ਰਾਹ ਨਜ਼ਰ ਨਾ ਆਇੰਦਾ । ਤੇਰੇ ਚਰਨਾਂ ਅੰਦਰ ਜਾਵਾਂ ਰੁਲ, ਦੂਜਾ ਗ੍ਰਿਹ ਨਾ ਕੋਈ ਭਾਇੰਦਾ । ਤੇਰੀ ਰਹਿਮਤ ਸਦਾ ਅਨਮੁਲ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇ ਸਚਾ ਵਰ, ਸਾਹਿਬ ਸਭ ਤੇਰੀ ਆਸ ਰਖਾਇੰਦਾ ।

ਸੇਵਾ ਕਹੇ ਮੈਂ ਹੋਈ ਮਜ਼ਬੂਰ, ਮੁਸ਼ਕਲ ਹੱਲ ਨਾ ਕੋਇ ਕਰਾਈਆ । ਚਾਰੋਂ ਕੁੰਟ ਭਰਿਆ ਗ਼ਰੂਰ, ਗ਼ੁਰਬਤ ਵਿਚ ਫਿਰੇ ਲੋਕਾਈਆ । ਤ੍ਰੈਗੁਣ ਮਾਇਆ ਤਪੇ ਤੰਦੂਰ, ਅਗਨੀ ਅੱਗ ਨਾ ਕੋਇ ਬੁਝਾਈਆ । ਸਾਹਿਬ ਸਤਿਗੁਰ ਮੇਰਾ ਕਰ ਮੁਆਫ਼ ਕਸੂਰ, ਦੋਏ ਦੋਏ ਜੋੜ ਲਾਗਾਂ ਪਾਈਆ । ਮੇਰੀ ਆਸਾ ਮਨਸਾ ਪੂਰ, ਸੰਸਾ ਰੋਗ ਰਹੇ ਨਾ ਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮੇਰਾ ਲੇਖਾ ਦੇ ਵਖਾਈਆ ।

ਸੇਵਾ ਕਹੇ ਵੇਖ ਮੇਰਾ ਹਾਲ, ਪਰਦਾ ਉਹਲਾ ਆਪ ਚੁਕਾਈਆ । ਅੱਠੇ ਪਹਿਰ ਹੋਈ ਬੇਹਾਲ, ਸੁਰਤੀ ਸੁਰਤ ਨਾ ਕੋਇ ਵਡਿਆਈਆ । ਮੇਰੀ ਚੋਲੀ ਹੋਈ ਕੰਗਾਲ, ਝੋਲੀ ਸਕੇ ਨਾ ਕੋਇ ਭਰਾਈਆ । ਸਾਚਾ ਮਿਲੇ ਨਾ ਕੋਇ ਦਲਾਲ, ਵਿਚੋਲਾ ਸੰਗ ਨਾ ਕੋਇ ਨਿਭਾਈਆ । ਮੈਂ ਜੁਗ ਚੌਕੜੀ ਥੱਕੀ ਭਾਲ, ਦਹਿ ਦਿਸ਼ਾ ਫੇਰਾ ਪਾਈਆ । ਮੇਰਾ ਹੱਲ ਨਾ ਹੋਇਆ ਸਵਾਲ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਸਚਾ ਵਰ, ਸਾਹਿਬ ਆਪਣੇ ਨਾਲ ਮਿਲਾਈਆ ।

ਸੇਵਾ ਕਹੇ ਮੈਂ ਹੋਈ ਛੋਟੀ, ਜਗਤ ਨੇਤਰ ਨਜ਼ਰ ਨਾ ਆਈਆ । ਮੈਨੂੰ ਲੱਭਦੇ ਗਏ ਕੋਟਨ ਕੋਟੀ, ਕੋਟਨ ਕੋਟਾਂ ਵਿਚੋਂ ਧਿਆਨ ਲਗਾਈਆ । ਮੈਂ ਡੂੰਘੇ ਅੰਦਰ ਵੜ ਕੇ ਰਹੀ ਸੋਤੀ, ਸੁਤਿਆਂ ਸਕੇ ਨਾ ਕੋਇ ਜਗਾਈਆ । ਜੁਗ ਚੌਕੜੀ ਰਹੀ ਰੋਤੀ, ਰੁਸਿਆਂ ਸਕੇ ਨਾ ਕੋਇ ਮਨਾਈਆ । ਪ੍ਰੇਮ ਪਿਆਰ ਦੇ ਹੰਝੂਆਂ ਵਹੌਂਦੀ ਰਹੀ ਮੋਤੀ, ਛਹਿਬਰ ਧਾਰ ਇਕ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖਾ ਦੇ ਸਾਚੇ ਘਰ, ਦੇਵਣਹਾਰ ਤੇਰੇ ਹੱਥ ਵਡਿਆਈਆ ।

ਸੇਵਾ ਕਹੇ ਪ੍ਰਭ ਹੋ ਮਿਹਰਵਾਨ, ਮਿਹਰ ਨਜ਼ਰ ਉਠਾਈਆ । ਕਿਰਪਾ ਸਿੰਧ ਦੇ ਦਾਨ, ਗਹਿਰ ਗੰਭੀਰ ਤੇਰੀ ਸਰਨਾਈਆ । ਗੁਣੀ ਗਹਿੰਦ ਕਰ ਪਰਵਾਨ, ਦਰ ਬੇਨੰਤੀ ਇਕ ਜਣਾਈਆ । ਸਦ ਬਖ਼ਸ਼ੰਦ ਵੇਖ ਆਣ, ਨਿਰਵੈਰ ਵੇਸ ਵਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮੇਰਾ ਲਹਿਣਾ ਲੈਣਾ ਝੋਲੀ ਪਾਈਆ ।

ਸੇਵਾ ਕਹੇ ਮੇਰਾ ਦੇਦੇ ਲਹਿਣਾ, ਦਰ ਤੇਰੇ ਮੰਗਣ ਆਈਆ । ਇਕੋ ਵਾਰ ਤੈਨੂੰ ਕਹਿਣਾ, ਸੀਸ ਸਜਦਾ ਇਕੋ ਵਾਰ ਝੁਕਾਈਆ । ਚਾਰ ਜੁਗ ਫੇਰ ਚੁੱਪ ਕਰਕੇ ਰਹਿਣਾ, ਰਸਨਾ ਬੋਲ ਨਾ ਕੋਇ ਅਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖਾ ਦੇਦੇ ਧੁਰ ਦਾ ਵਰ, ਧੁਰ ਮਸਤਕ ਰੇਖ ਮਿਟਾਈਆ ।

ਸੇਵਾ ਕਹੇ ਮੇਰਾ ਦੇਦੇ ਲੇਖਾ, ਲੇਖਾ ਲਿਖਤ ਤੇਰੇ ਹੱਥ ਵਡਿਆਈਆ । ਕਿਉਂ ਸਾਹਿਬ ਸਤਿਗੁਰ ਮੇਰਾ ਭੁੱਲਿਆ ਚੇਤਾ, ਗ਼ਫ਼ਲਤ ਵਿਚ ਵਕਤ ਲੰਘਾਈਆ । ਤੂੰ ਸਾਹਿਬ ਸਵਾਮੀ ਸਭ ਦਾ ਨੇਤਾ, ਨਰ ਨਰਾਇਣ ਨਜ਼ਰੀ ਆਈਆ । ਨਿਰਵੈਰ ਨਿਰੰਕਾਰ ਬਣੇ ਖੇਵਟ ਖੇਟਾ, ਬੇੜੇ ਆਪਣੇ ਲਏ ਚੜ੍ਹਾਈਆ । ਜਿਵੇਂ ਭਗਤ ਦਵਾਰੇ ਬਣਾਏ ਆਪਣਾ ਬੇਟਾ, ਪਿਤਾ ਪੁਰਖ ਅਕਾਲ ਨਾਉਂ ਧਰਾਈਆ । ਮੈਂ ਵੀ ਉਹ

ਰੰਗ ਵੇਖਾਂ, ਜੋ ਅਨਡਿਠੜਾ ਦਏਂ ਰੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦੇ ਮਾਣ ਵਡਿਆਈਆ ।

ਦੇ ਵਡਿਆਈ ਸਾਹਿਬ ਸਤਿਗੁਰ, ਪਾਰਬ੍ਰਹਮ ਤੇਰੀ ਸਰਨਾਈਆ । ਮੈਂ ਦੂਰ ਦੁਰਾਡੀ ਆਈ ਤੁਰ, ਮੰਜ਼ਲ ਮੰਜ਼ਲ ਪੰਧ ਮੁਕਾਈਆ । ਤੂੰ ਸਾਹਿਬ ਸਵਾਮੀ ਲੇਖਾ ਜਾਣੇ ਧੁਰ, ਜੁਗ ਚੌਕੜੀ ਤੇਰੀ ਸਰਨਾਈਆ । ਦਰ ਦਵਾਰੇ ਦੋਏ ਹੱਥ ਰਹੀ ਜੋੜ, ਨਿਉਂ ਨਿਉਂ ਸੀਸ ਝੁਕਾਈਆ । ਬੌਹੜੀ ਬੌਹੜੀ ਰਹੀ ਕੁਰਲਾ ਤੂੰ ਬੌਹੜ, ਬੇਪਰਵਾਹ ਆਪਣੀ ਦਇਆ ਕਮਾਈਆ । ਮੈਂ ਨਿਮਾਣੀ ਵਲ ਵੇਖ ਕਰ ਕੇ ਗ਼ੌਰ, ਗਹਿਰ ਗੰਭੀਰ ਅੱਖ ਖੁਲ੍ਹਾਈਆ । ਸਚ ਸਚ ਦਰ ਤੇਰੇ ਪਾਵਾਂ ਸ਼ੋਰ, ਸ਼ੋਰਸ਼ ਅਵਰ ਨਾ ਕੋਇ ਮਚਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਦੇਣਾ ਇਕ ਵਰ, ਮੇਰਾ ਲੇਖਾ ਦੇ ਲਿਖਾਈਆ ।

ਤੇਰਾ ਲੇਖਾ ਲਿਖਣਾ ਕੀ, ਸਾਹਿਬ ਸਤਿਗੁਰ ਆਪ ਜਣਾਇੰਦਾ । ਜੁਗ ਚੌਕੜੀ ਤੇਰੀ ਰੱਖੀ ਨੀਂਹ, ਸਾਚੀ ਸੇਵਾ ਇਕ ਸਮਝਾਇੰਦਾ । ਸਤਿਜੁਗ ਤ੍ਰੇਤਾ ਦਵਾਪਰ ਕਲਜੁਗ ਬੀਜਿਆ ਬੀ, ਅੰਤਮ ਆਪੇ ਵੇਖ ਵਖਾਇੰਦਾ । ਬ੍ਰਹਿਮੰਡਾਂ ਖੰਡਾਂ ਵਿਚੋਂ ਸਾਢੇ ਤਿੰਨ ਹੱਥ ਤੇਰੀ ਲੇਖੇ ਲੱਗੀ ਸੀਂ, ਸੀਮਾ ਆਪਣੀ ਆਪ ਸਮਝਾਇੰਦਾ । ਜਿਸ ਦਵਾਰੇ ਜਨ ਭਗਤ ਰਹੇ ਜੀ, ਹਰਿ ਜੀਵਤ ਮੁਕਤ ਕਰਾਇੰਦਾ । ਓਸੇ ਗ੍ਰਿਹਿ ਖ਼ੁਸ਼ੀਆਂ ਨਾਲ ਥੀ, ਸਚ ਕਹਾਣੀ ਆਪ ਦ੍ਰਿੜਾਇੰਦਾ । ਸ੍ਰੀ ਭਗਵਾਨ ਬਰਸੇ ਅੰਮ੍ਰਿਤ ਮੀਂਹ, ਮੇਘਲਾ ਇਕੋ ਧਾਰ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਸੇਵਾ ਆਪ ਸਮਝਾਇੰਦਾ ।

ਸਾਚੀ ਸੇਵਾ ਕਰ ਸਮਝ, ਹਰਿ ਇਕੋ ਵਾਰ ਸਮਝਾਈਆ । ਸ੍ਰੀ ਭਗਵਾਨ ਮਾਰ ਰਮਜ਼, ਇਸ਼ਾਰੇ ਨਾਲ ਲਿਆ ਉਠਾਈਆ । ਮਿਹਰਵਾਨ ਹੋ ਕੇ ਮਰਦਾਨਾ ਮਰਦ, ਸਚ ਮਰਦਾਨਗੀ ਇਕ ਕਮਾਈਆ । ਤੇਰੇ ਨਾਲ ਵੰਡੀ ਦਰਦ, ਦੀਨਾ ਨਾਥਾ ਹੋਏ ਸਹਾਈਆ । ਖੋਲ੍ਹ ਵਖਾਏ ਪਿਛਲੀ ਫ਼ਰਦ, ਲਹਿਣਾ ਦੇਣਾ ਭੇਵ ਮਿਟਾਈਆ । ਤੇਰੀ ਗੋਬਿੰਦ ਪੂਰੀ ਕਰੇ ਅਰਜ਼, ਆਰਜ਼ੂ ਖ਼ਾਹਸ਼ ਨਾਲ ਮਿਲਾਈਆ । ਤੂੰ ਆਪਣਾ ਪੂਰਾ ਕਰ ਲੈ ਫ਼ਰਜ਼, ਸੇਵ ਸਚ ਸਚ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦੇਵੇ ਮਾਣ ਵਡਿਆਈਆ ।

ਸੁਣ ਸੇਵਾ ਬਾਲੀ ਨੱਢੀ ਬੱਚੀ, ਸ੍ਰੀ ਭਗਵਾਨ ਆਪ ਸਮਝਾਇੰਦਾ । ਜੁਗ ਚੌਕੜੀ ਤੇਰੀ ਰੁੱਤ ਰਹੀ ਕੱਚੀ, ਸਾਚਾ ਫਲ ਨਾ ਕੋਇ ਲਗਾਇੰਦਾ । ਚਾਰੋਂ ਕੁੰਟ ਵਗਦੀ ਰਹੀ ਵਾ ਤੱਤੀ, ਸਾਂਤਕ ਸਤਿ ਨਾ ਕੋਇ ਕਰਾਇੰਦਾ । ਤੇਰਾ ਖੇਲ ਕਿਸੇ ਨਾ ਵੇਖਿਆ ਆ ਕੇ ਅੱਖੀਂ, ਨੇਤਰ ਨੈਣ ਨਾ ਕੋਇ ਖੁਲਾਇੰਦਾ । ਸਾਰੇ ਰਸਨਾ ਜਿਹਵਾ ਤੈਨੂੰ ਕਹਿੰਦੇ ਰਹੇ ਅੱਛੀ, ਅੱਛੀ ਤਰ੍ਹਾਂ ਤੇਰਾ ਭੇਵ ਕੋਇ ਨਾ ਪਾਇੰਦਾ । ਤੂੰ ਤੜਫਦੀ ਰਹੀਉਂ ਜਲ ਵਿਛੋੜੇ ਵਾਂਗ ਮੱਛੀ, ਤੇਰੀ ਮੁਸ਼ਕਲ ਹੱਲ ਨਾ ਕੋਇ ਕਰਾਇੰਦਾ । ਸਾਹਿਬ ਸਤਿਗੁਰ ਪਤ ਤੇਰੀ ਰੱਖੀ, ਮਿਹਰਵਾਨ ਸਿਰ ਸਾਚਾ ਹੱਥ ਟਿਕਾਇੰਦਾ । ਸਚ ਕਹਾਣੀ ਅਗਲੀ ਦੱਸੀਂ, ਸ੍ਰੀ ਭਗਵਾਨ ਪੁਛ ਪੁਛਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਆਪ ਕਮਾਇੰਦਾ ।

ਸਚ ਕਹਾਣੀ ਪੁੱਛੇ ਕਰਤਾਰ, ਹਰਿ ਕਰਤਾ ਆਪ ਜਣਾਈਆ । ਸਾਚੀ ਸੇਵਾ ਦੱਸ ਖ਼ਿਦਮਤਗਾਰ, ਕੀ ਕੀ ਕਾਰ ਕਮਾਈਆ । ਕਿਹੜਾ ਵਣਜ ਕਵਣ ਵਪਾਰ, ਕਵਣ ਹੱਟ ਚਲਾਈਆ । ਕਵਣ ਸ਼ਹਿਰ ਕਵਣ ਬਜ਼ਾਰ, ਕਵਣ ਵੇਖੇ ਚਾਈਂ ਚਾਈਂਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਕਹਾਣੀ ਪੁੱਛ ਇਕੋ ਹੁਕਮ ਜਣਾਈਆ ।

ਸੇਵਾ ਕਹੇ ਸਚ ਦੱਸਾਂ ਭਗਵਾਨ, ਝੂਠ ਨਜ਼ਰ ਕੋਇ ਨਾ ਆਈਆ । ਬਣ ਕੇ ਬਾਲੀ ਨੱਢੀ ਨਾਧਾਨ, ਸਦ ਸਾਚੀ ਸੇਵ ਕਮਾਈਆ । ਮੈਨੂੰ ਸਭ ਤੋਂ ਚੰਗੀ ਲੱਗੀ ਤੇਰੀ ਸ਼ਾਨ, ਦੂਜਾ ਨਜ਼ਰ ਕੋਇ ਨਾ ਆਈਆ । ਸਭ ਤੋਂ ਚੰਗਾ ਲੱਗਾ ਤੇਰਾ ਪੁੱਤ ਬਲਵਾਨ, ਗੋਬਿੰਦ ਸੂਰਾ ਬੇਪਰਵਾਹੀਆ । ਮੈਂ ਓਸ ਨਾਲ ਕੀਤਾ ਪਿਆਰ, ਸਚ ਸਚ ਦਿਆਂ ਦ੍ਰਿੜਾਈਆ । ਖ਼ੁਸ਼ੀ ਵਿਚ ਆ ਕੇ ਬੱਚੇ ਨੀਂਹਾਂ ਹੇਠ ਦੱਬੇ ਨਿਸ਼ਾਨ, ਨਿਸ਼ਾਨਾ ਤੇਰੇ ਨਾਲ ਮਿਲਾਈਆ । ਸਚ ਸੰਦੇਸ਼ਾ ਦੇ ਵਿਚ ਜਹਾਨ, ਉਚੀ ਕੂਕ ਦਿਤਾ ਸੁਣਾਈਆ । ਸਾਚੀ ਸੇਵਾ ਬਿਨ ਸਤਿਗੁਰ ਪੂਰੇ ਕੋਈ ਨਾ ਕਰੇ ਪਰਵਾਨ, ਲੇਖੇ ਲੇਖ ਨਾ ਕੋਇ ਲਗਾਈਆ । ਸੁਣ ਅਵਾਜ਼ ਗੋਬਿੰਦ ਕਿਹਾ ਸੁਣ ਨਾਦਾਨ, ਕਿਉਂ ਬੈਠੀ ਮਾਣ ਵਧਾਈਆ । ਮੇਰਾ ਲੇਖਾ ਅਜੇ ਨਾ ਮੁੱਕਿਆ ਵਿਚ ਜਹਾਨ, ਭੁਲੇਖਾ ਸਭ ਦਾ ਦੂਰ ਕਰਾਈਆ । ਨਿਰਗੁਣ ਹੋ ਕੇ ਆਵੇ ਪੁਰਖ ਅਕਾਲ, ਜੋਤੀ ਜਾਤਾ ਵੇਸ ਵਟਾਈਆ । ਮੈਂ ਆਵਾਂ ਉਸ ਦੇ ਨਾਲ, ਸ਼ਬਦੀ ਕਾਰ ਕਮਾਈਆ । ਕਰਾਂ ਖੇਲ ਇਕ ਮਹਾਨ, ਸਾਚੀ ਧੁਰ ਦੀ ਬਣਤ ਬਣਾਈਆ । ਓਸ ਵੇਲੇ ਆਵੀਂ ਚਲ ਅੰਜਾਣ, ਬਾਲੀ ਆਪਣਾ ਰੂਪ ਵਟਾਈਆ । ਫੇਰ ਦੇਵਾਂ ਇਕ ਫ਼ਰਮਾਨ, ਸਚ ਸੰਦੇਸ਼ ਸੁਣਾਈਆ । ਜਿਨ੍ਹਾਂ ਨੀਹਾਂ ਹੇਠ ਨਿਸ਼ਾਨ, ਤਿਨ੍ਹਾਂ ਦੇਵਾਂ ਮਾਣ ਵਡਿਆਈਆ । ਸਾਢੇ ਤਿੰਨ ਹੱਥ ਮੰਦਰ ਬਣੇ ਮਹਾਨ, ਮਾਣਸ ਮਾਨੁਖ ਲੇਖੇ ਸਾਰੇ ਲਾਈਆ । ਨੌਂ ਦਰ ਖੋਲ੍ਹ ਸਚ ਨਿਸ਼ਾਨ, ਦਰ ਦਰਵਾਜਾ ਆਪ ਦ੍ਰਿੜਾਈਆ । ਭਗਤ ਦਵਾਰਾ ਕਰ ਪਰਧਾਨ, ਭਗਵਨ ਤੇਰੀ ਸੇਵਾ ਇਕ ਵਖਾਈਆ । ਗੁਰਮੁਖ ਗੁਰਸਿਖ ਹਰਿਜਨ ਹਰਿਭਗਤ ਸਾਚੇ ਵੇਖਣ ਆਣ, ਨੇਤਰ ਨੈਣਾਂ ਦਰਸ਼ਨ ਪਾਈਆ । ਗੀਤ ਖ਼ੁਸ਼ੀਆਂ ਸਾਰੇ ਗਾਣ, ਢੋਲਾ ਇਕੋ ਰਾਗ ਅਲਾਈਆ । ਸਦੀ ਬੀਸਵੀਂ ਤੇਰਾ ਲੇਖਾ ਹੋਏ ਪਰਵਾਨ, ਬੀਸ ਬੀਸਾ ਦਏ ਜਣਾਈਆ । ਜਨ ਭਗਤਾਂ ਦੇ ਕੇ ਧੁਰ ਦਾ ਦਾਨ, ਸੀਸ ਜਗਦੀਸ਼ ਪਗੜੀ ਨਾਮ ਬੰਧਾਈਆ । ਫਿਰ ਤੈਨੂੰ ਨਾਲ ਲੈ ਕੇ ਜਾਏ ਭਗਤ ਦਵਾਰ ਭਗਵਾਨ, ਆਪਣਾ ਸੰਗ ਰਖਾਈਆ । ਦਰ ਦਰ ਘਰ ਘਰ ਘਰ ਘਰ ਦਰ ਦਰ ਗੁਰਮੁਖਾਂ ਤੈਨੂੰ ਦਏ ਵਖਾਲ, ਸ਼ਬਦ ਇਸ਼ਾਰੇ ਨਾਲ ਜਣਾਈਆ । ਤੂੰ ਖ਼ੁਸ਼ੀਆਂ ਨਾਲ ਵੇਖੀਂ ਆਣ, ਨੇਤਰ ਅੱਖਾਂ ਦਰਸ਼ਨ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਤੇਰਾ ਲੇਖਾ ਹੌਲੀ ਹੌਲੀ ਤੇਰੀ ਝੋਲੀ ਦੇਵੇ ਪਾਈਆ ।

★ ★ ★ ★ ★
★ ★ ★ ★ ★

★ ੧੪ ਮਾਘ ੨੦੨੦ ਬਿਕਰਮੀ ਦਲੀਪ ਸਿੰਘ ਦੇ ਗ੍ਰਹਿ ਬਾਬੂਪੁਰ ★

ਸ੍ਰੀ ਭਗਵਾਨ ਕਹੇ ਸੁਣ ਸੇਵਾ ਬੱਚੀ, ਧੁਰ ਦਾ ਲੇਖ ਸਮਝਾਈਆ । ਤੇਰੀ ਕਹਾਣੀ ਲੱਗੀ ਸਚੀ, ਸਾਹਿਬ ਸਤਿਗੁਰ ਭਾਈਆ । ਤੇਰੀ ਪ੍ਰੀਤ ਧੁਰ ਦੀ ਲੱਗੀ, ਨਾ ਸਕੇ ਕੋਈ ਮਿਟਾਈਆ । ਸ੍ਰੀ ਭਗਵਾਨ ਰੀਤੀ ਸਾਚੀ ਦੱਸੀ, ਬੇਪਰਵਾਹ ਦਇਆ ਕਮਾਈਆ । ਕਰਿਆ ਖੇਲ ਪੁਰਖ ਸਮਰੱਥੀ, ਸ਼ਹਿਨਸ਼ਾਹ ਹੋਏ ਸਹਾਈਆ । ਮੈਂ ਵਖਾਵਾਂ ਤੈਨੂੰ ਅੱਖੀਂ, ਜੋ ਦਰ ਆਇਆ ਸੇਵ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਪਰਦਾ ਰਿਹਾ ਉਠਾਈਆ ।

ਸਾਚੀ ਸੇਵਾ ਸਰਬ ਕਮੌਂਦਾ ਏ । ਸੋ ਪੁਰਖ ਨਿਰੰਜਣ ਭੇਵ ਚੁਕੌਂਦਾ ਏ । ਹਰਿ ਪੁਰਖ ਨਿਰੰਜਣ ਪਰਦਾ ਲਹੁਦਾ ਏ । ਏਕੰਕਾਰ ਆਪ ਵਖੌਂਦਾ ਏ । ਆਦਿ ਨਿਰੰਜਣ ਭੇਵ ਮਿਟੌਂਦਾ ਏ । ਅਬਿਨਾਸ਼ੀ ਕਰਤਾ ਰੰਗ ਰੰਗੌਂਦਾ ਏ । ਸ੍ਰੀ ਭਗਵਾਨ ਸੰਗ ਨਿਭੌਂਦਾ ਏ । ਪਾਰਬ੍ਰਹਮ ਸੇਵਾ ਅੰਦਰ ਆਪਣੀ ਕਾਰ ਆਪ ਲਗੌਂਦਾ ਏ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਸੇਵਾ ਇਕ ਦ੍ਰਿੜੌਂਦਾ ਏ ।

ਸੇਵਾ ਅੰਦਰ ਸੇਵ ਕਮੌਂਦੇ ਨੇ । ਵਿਸ਼ਨ ਬ੍ਰਹਮਾ ਸ਼ਿਵ ਸੀਸ ਨਿਵੌਂਦੇ ਨੇ । ਗੁਰ ਅਵਤਾਰ ਪੀਰ ਪੈਗ਼ੰਬਰ ਦੋਏ ਜੋੜ ਮੰਗ ਮੰਗੌਂਦੇ ਨੇ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਚਾ ਵਰ, ਸਾਚੀ ਕਰਨੀ ਆਪ ਸਮਝੌਂਦਾ ਏ ।

ਸਾਚੀ ਕਰਨੀ ਇਕ ਦ੍ਰਿੜ੍ਹਾਵਾਂਗਾ । ਧੁਰ ਦੀ ਰੀਤੀ ਆਪ ਸਮਝਾਵਾਂਗਾ । ਸਚਖੰਡ ਦਵਾਰ ਇਕ ਵਖਾਵਾਂਗਾ । ਘਰ ਦੀਪਕ ਜੋਤ ਰੁਸ਼ਨਾਵਾਂਗਾ । ਧੁਰ ਦੀ ਅਗੰਮੀ ਬਣਤ ਬਣਾਵਾਂਗਾ । ਨਾਰ ਕੰਤ ਰੂਪ ਵਟਾਵਾਂਗਾ । ਗ੍ਰਿਹ ਮੰਦਰ ਸੋਭਾ ਪਾਵਾਂਗਾ । ਥਿਰ ਘਰ ਦਵਾਰ ਇਕ ਉਪਜਾਵਾਂਗਾ । ਬਣ ਜਨਨੀ ਜਨ ਸੁੱਤ ਪਰਗਟਾਵਾਂਗਾ । ਸਚ ਦਵਾਰ ਸੁਹਾ ਰੁੱਤ, ਫਲ ਫੁਲਵਾੜੀ ਆਪ ਮਹਿਕਾਵਾਂਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਸੇਵਾ ਆਪਣੇ ਹੱਥ ਰਖਾਵਾਂਗਾ ।

ਸਾਚੀ ਸੇਵਾ ਆਪਣੇ ਹੱਥ ਰਖਾਵਾਂਗਾ । ਸ਼ਬਦੀ ਸੁੱਤ ਇਕ ਪਰਗਟਾਵਾਂਗਾ । ਧੁਰ ਦਾ ਹੁਕਮ ਇਕ ਅਲਾਵਾਂਗਾ । ਸਾਚੀ ਰਚਨਾ ਰਚਨਾ ਵਿਚੋਂ ਪਰਗਟਾਵਾਂਗਾ । ਵਿਸ਼ਨੂੰ ਵਿਸ਼ਵ ਧਾਰ ਚਲਾਵਾਂਗਾ । ਬ੍ਰਹਮਾ ਬ੍ਰਹਮ ਰੂਪ ਧਰਾਵਾਂਗਾ । ਸ਼ੰਕਰ ਧੂਆਂਧਾਰ ਪਰਗਟਾਵਾਂਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਚਾ ਵਰ, ਸਾਚੀ ਸੇਵਾ ਇਕ ਲਗਾਵਾਂਗਾ ।

ਸਾਚੀ ਸੇਵਾ ਸਰਬ ਕਮੌਣਗੇ । ਸ੍ਰੀ ਭਗਵਾਨ ਦਵਾਰੇ ਸੀਸ ਨਿਵੌਣਗੇ । ਬਣ ਦਰਵੇਸ਼ ਮੰਗ ਮੰਗੌਣਗੇ । ਖ਼ਾਲੀ ਝੋਲੀ ਅੱਗੇ ਡੌਹਣਗੇ । ਦੋਏ ਜੋੜ ਵਾਸਤਾ ਪੌਣਗੇ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚੀ ਕਾਰੇ ਲੱਗ ਲੱਗ ਖ਼ੁਸ਼ੀ ਮਨੌਣਗੇ ।

ਸਾਚੀ ਕਾਰੇ ਆਪ ਲਗਾਵਾਂਗਾ । ਵਿਸ਼ਨੂੰ ਹੱਥ ਭੰਡਾਰ ਫੜਾਵਾਂਗਾ । ਸਾਚੀ ਸੇਵਾ ਇਕ ਸਮਝਾਵਾਂਗਾ । ਘਰ ਘਰ ਰੋਜ਼ੀ ਰਿਜ਼ਕ ਪੁਚਾਵਾਂਗਾ । ਸਾਚਾ ਇਸ਼ਕ ਆਪਣੇ ਨਾਲ ਰਖਾਵਾਂਗਾ । ਸਵਾਮੀ ਇਸ਼ਟ ਰੂਪ ਹੋ ਨਜ਼ਰੀ ਆਵਾਂਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਕਰਨੀ ਖੇਲ ਕਰਾਵਾਂਗਾ ।

ਬ੍ਰਹਮੇ ਸੇਵਾ ਸਚ ਸਮਝਾਵਾਂਗਾ । ਬ੍ਰਹਮ ਇਕੋ ਨੂਰ ਪਰਗਟਾਵਾਂਗਾ । ਜ਼ਾਹਰ ਜ਼ਹੂਰ ਖੇਲ ਖਲਾਵਾਂਗਾ । ਸ਼ਬਦੀ ਨਾਦ ਤੂਰ ਵਜਾਵਾਂਗਾ । ਆਸਾ ਮਨਸਾ ਪੂਰ, ਤ੍ਰਿਸਨਾ ਤ੍ਰਿਖਾ ਮਿਟਾਵਾਂਗਾ । ਹੋ ਕੇ ਹਾਜ਼ਰ ਹਜ਼ੂਰ, ਹਰਿ ਮੰਦਰ ਇਕ ਵਖਾਵਾਂਗਾ । ਜਿਸ ਗ੍ਰਿਹ ਨਜ਼ਰੀ ਆਏ ਜੋਤੀ ਨੂਰ, ਸਚ ਉਜਾਲਾ ਇਕ ਕਰਾਵਾਂਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚੀ ਸੇਵਾ ਇਕ ਵਖਾਵਾਂਗਾ ।

ਸਾਚੀ ਸੇਵਾ ਸਚ ਜਣਾਵਾਂਗਾ । ਸ਼ੰਕਰ ਧੂਆਂਧਾਰ ਵਿਚੋਂ ਉਠਾਵਾਂਗਾ । ਕਰ ਪਿਆਰ ਧੂੜੀ ਟਿੱਕਾ ਮਸਤਕ ਲਾਵਾਂਗਾ । ਇਹ ਆਧਾਰ ਸਰਬ ਸਮਝਾਵਾਂਗਾ । ਹੱਥ ਤਰਸੂਲ ਇਕ ਫੜਾਵਾਂਗਾ । ਲਹਿਣਾ ਦੇਣਾ ਮੂਲ ਝੋਲੀ ਪਾਵਾਂਗਾ । ਬਣ ਧੁਰ ਦਾ ਕੰਤ ਕੰਤੂਲ, ਸਚ ਸੰਦੇਸ਼ਾ ਇਕ ਸੁਣਾਵਾਂਗਾ । ਤਿੰਨਾਂ ਦੱਸ ਕੇ ਸਚ ਅਸੂਲ, ਸਾਚੀ ਸਿਖਿਆ ਇਕ ਦ੍ਰਿੜ੍ਹਾਵਾਂਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਵਾਂਗਾ ।

ਮਿਹਰ ਨਜ਼ਰ ਪ੍ਰਭੂ ਉਠਾਏਗਾ । ਤ੍ਰੈਗੁਣ ਮਾਇਆ ਆਪ ਪਰਗਟਾਏਗਾ । ਰਜੋ ਤਮੋ ਸਤੋ ਨਾਮ ਧਰਾਏਗਾ । ਪੰਜ ਤੱਤ ਆਪਣੀ ਗੰਢ ਪੁਵਾਏਗਾ । ਅਪ ਤੇਜ ਵਾਏ ਪ੍ਰਿਥਮੀ ਆਕਾਸ਼ ਖੇਲ ਕਰਾਏਗਾ । ਸ਼ਬਦ ਸੰਦੇਸ਼ਾ ਭੇਜ, ਧੁਰ ਦਾ ਹੁਕਮ ਆਪ ਜਣਾਏਗਾ । ਸਚ ਸਮਝਾ ਕੇ ਆਪਣੀ ਖੇਲ, ਸੇਵਾ ਇਕੋ ਇਕ ਵਖਾਏਗਾ । ਪੰਜ ਤੱਤ ਕਰ ਕੇ ਧੁਰ ਦਾ ਮੇਲ, ਬੰਧਨ ਆਪਣਾ ਨਾਮ ਰਖਾਏਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚੀ ਸੇਵਾ ਇਕੋ ਇਕ ਜਣਾਏਗਾ ।

ਸਾਚੀ ਸੇਵਾ ਹਰਿ ਜਣੌਂਦਾ ਏ । ਤ੍ਰੈਗੁਣ ਮਾਇਆ ਮੇਲ ਮਿਲੌਂਦਾ ਏ । ਪੰਜ ਤੱਤ ਸਾਚਾ ਜੋੜ ਜੁੜੌਂਦਾ ਏ । ਵਿਸ਼ਨ ਬ੍ਰਹਮਾ ਸ਼ਿਵ ਆਪ ਸਮਝੌਂਦਾ ਏ । ਚਾਰੇ ਖਾਣੀ ਵੰਡ ਵੰਡੌਂਦਾ ਏ । ਅੰਡਜ ਜੇਰਜ ਉਤਭੁਜ ਸੇਤਜ ਸਾਚੀ ਧਾਰ ਬਧੌਂਦਾ ਏ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੇਵਾ ਇਕੋ ਇਕ ਰਖੌਂਦਾ ਏ ।

ਸੇਵਾ ਅੰਦਰ ਖਾਣੀ ਚਾਰ ਰਚੌਂਦਾ ਏ । ਸੇਵਾ ਅੰਦਰ ਵਿਸ਼ਨ ਬ੍ਰਹਮਾ ਸ਼ਿਵ ਦੇ ਆਧਾਰ, ਸਾਚੇ ਮਾਰਗ ਆਪੇ ਲੌਂਦਾ ਏ । ਸੇਵਾ ਅੰਦਰ ਬੋਲ ਜੈਕਾਰ, ਚਾਰੇ ਬਾਣੀ ਰਾਗ ਅਲੌਂਦਾ ਏ । ਸੇਵਾ ਅੰਦਰ ਕਰ ਪਸਾਰ, ਲੱਖ ਚੁਰਾਸੀ ਵੰਡ ਵੰਡੌਂਦਾ ਏ । ਸੇਵਾ ਅੰਦਰ ਮਹੱਲ ਅਟੱਲ ਉਸਾਰ, ਲੋਕ ਪਰਲੋਕ ਆਪ ਸੁਹੌਂਦਾ ਏ । ਸੇਵਾ ਅੰਦਰ ਗਗਨ ਮੰਡਲ ਖੇਲ ਨਿਰਾਲ, ਆਕਾਸ਼ ਪਰਕਾਸ਼ ਨੂਰ ਚਮਕੌਂਦਾ ਏ । ਸੇਵਾ ਅੰਦਰ ਰਵ ਸਸ ਆਧਾਰ, ਸੇਵਾ ਅੰਦਰ ਮੰਡਲ ਮੰਡਪ ਡੇਰਾ ਲੌਂਦਾ ਏ । ਸੇਵਾ ਅੰਦਰ ਜ਼ਿਮੀਂ ਅਸਮਾਨ, ਧਰਤ ਧਵਲ ਆਪ ਵਖੌਂਦਾ ਏ । ਸੇਵਾ ਅੰਦਰ ਖੇਲ ਕਰੇ ਜੁਗ ਚਾਰ, ਜੁਗ ਚੌਕੜੀ ਬੰਧਨ ਪੌਂਦਾ ਏ । ਸੇਵਾ ਅੰਦਰ ਬੋਲ ਜੈਕਾਰ, ਚਾਰੇ ਵੇਦਾਂ ਰਾਗ ਅਲੌਂਦਾ ਏ । ਸੇਵਾ ਅੰਦਰ ਖੇਲ ਨਿਆਰ, ਨਿਰਗੁਣ ਸਰਗੁਣ ਘਾਲ ਕਮੌਂਦਾ ਏ । ਸੇਵਾ ਅੰਦਰ ਹੋ ਤਿਆਰ, ਨਿਰਵੈਰ ਪੁਰਖ ਵੇਸ ਵਟੌਂਦਾ ਏ । ਸੇਵਾ ਅੰਦਰ ਕਰ ਸ਼ੰਗਾਰ, ਪੰਜ ਤੱਤ ਕਾਇਆ ਚੋਲਾ ਆਪ ਹੰਢੌਂਦਾ ਏ । ਸੇਵਾ ਅੰਦਰ ਬਣ ਗੁਰੂ ਅਵਤਾਰ, ਲੋਕਮਾਤ ਵੇਖ ਵਖੌਂਦਾ ਏ । ਸੇਵਾ ਅੰਦਰ ਸ਼ਬਦੀ ਧਾਰ, ਧੁਰ ਦਾ ਰਾਗ ਅਲੌਂਦਾ ਏ । ਸੇਵਾ ਅੰਦਰ ਬਣ ਲਿਖਾਰ, ਕਾਤਬ ਆਪਣੀ ਕਲਮ ਚਲੌਂਦਾ ਏ । ਸੇਵਾ ਅੰਦਰ ਕਰ ਪਿਆਰ, ਅੰਮ੍ਰਿਤ ਮੇਘ ਬਰਸੌਂਦਾ ਏ । ਸੇਵਾ ਅੰਦਰ ਖੇਲ ਸੰਸਾਰ, ਸੱਜਣ ਸੁਹੇਲੇ ਮੇਲ ਮਿਲੌਂਦਾ ਏ । ਸੇਵਾ ਅੰਦਰ ਹੋ ਖ਼ਬਰਦਾਰ, ਬੇਖ਼ਬਰ ਖ਼ਬਰ ਸੁਣੌਂਦਾ ਏ । ਸੇਵਾ ਅੰਦਰ ਜਲਵਾ ਨੂਰ ਕਰ ਉਜਿਆਰ, ਜ਼ਾਹਰ ਜ਼ਹੂਰ ਪੜਦਾ ਲਹੁਦਾ ਏ । ਸੇਵਾ ਅੰਦਰ ਪੀਰ ਪੈਗ਼ੰਬਰ ਬਣ ਕੇ ਮੀਤ ਮੁਰਾਰ, ਸਗਲਾ ਸੰਗ ਨਿਭੌਂਦਾ ਏ । ਸੇਵਾ ਅੰਦਰ ਕਲਮਾ ਕਾਇਨਾਤ ਬੋਲ ਜੈਕਾਰ, ਹਦਾਇਤ ਇਕੋ ਇਕ ਸੁਣੌਂਦਾ ਏ । ਸੇਵਾ ਅੰਦਰ ਭਗਤ ਭਗਵੰਤ ਕਰ ਤਿਆਰ, ਭਗਤੀ ਇਕੋ ਇਕ ਵਖੌਂਦਾ ਏ । ਸੇਵਾ ਅੰਦਰ ਸੰਤ ਸੱਜਣ ਲਏ ਉਠਾਲ, ਅੰਦਰ ਵੜ ਵੜ ਮੇਲ ਮਿਲੌਂਦਾ ਏ । ਸੇਵਾ ਅੰਦਰ ਗੁਰਮੁਖਾਂ ਕਰੇ ਪ੍ਰਿਤਪਾਲ, ਜੁਗ ਜੁਗ ਸਿਰ ਸਿਰ ਹੱਥ ਰਖੌਂਦਾ ਏ । ਸੇਵਾ ਅੰਦਰ ਗੁਰਸਿਖਾਂ ਚਲੇ ਨਾਲ, ਜਗਤ ਵਿਛੋੜਾ ਦੂਰ ਕਰੌਂਦਾ ਏ । ਸੇਵਾ ਅੰਦਰ ਖਾਣੀ ਬਾਣੀ ਕਰ ਤਿਆਰ, ਸ਼ਾਸਤਰ ਸਿਮਰਤ ਵੇਦ ਪੁਰਾਨ ਬਣਤ ਬਣੌਂਦਾ ਏ । ਸੇਵਾ ਅੰਦਰ ਗੀਤਾ ਗਿਆਨ ਦੇ ਆਧਾਰ, ਅੰਜੀਲ ਕੁਰਾਨ ਢੋਲਾ ਗੌਂਦਾ ਏ । ਸੇਵਾ ਅੰਦਰ ਕਰੇ ਖੇਲ ਅਗੰਮ ਅਪਾਰ, ਅਗੰਮੜੀ ਕਾਰ ਕਮੌਂਦਾ ਏ । ਸੇਵਾ ਅੰਦਰ ਤੇਈ ਅਵਤਾਰ, ਸਾਹਿਬ ਸਤਿਗੁਰ ਹੁਕਮ ਚਲੌਂਦਾ ਏ । ਸੇਵਾ ਅੰਦਰ ਈਸਾ ਮੂਸਾ ਮੁਹੰਮਦ ਲਏ ਉਠਾਲ, ਮੁਸੱਲਾ ਇਕੋ ਹੇਠ ਵਛੌਂਦਾ ਏ । ਸੇਵਾ ਅੰਦਰ ਨਾਨਕ ਗੋਬਿੰਦ ਬੰਨ੍ਹ ਧਾਰ, ਸਾਚੀ ਸੇਵਾ ਇਕ ਲਗੌਂਦਾ ਏ । ਸੇਵਾ ਅੰਦਰ ਭਗਤ ਅਠਾਰਾਂ ਕਰ ਪਿਆਰ, ਪ੍ਰੇਮ ਪ੍ਰੀਤੀ ਜੋੜ ਜੁੜੌਂਦਾ ਏ । ਸੇਵਾ ਅੰਦਰ ਗੋਬਿੰਦ ਬਣਾਇਆ ਆਪਣਾ ਬਾਲ, ਪਿਤਾ ਪੁਰਖ ਅਕਾਲ

ਅਖਵੌਂਦਾ ਏ । ਸੇਵਾ ਅੰਦਰ ਬਾਲੇ ਨੀਹਾਂ ਹੇਠਾਂ ਦਏ ਸੁਆਲ, ਸੇਵਾ ਅੰਦਰ ਮਹੱਲ ਅਟੱਲ ਰੁਸ਼ਨੌਂਦਾ ਏ । ਸੇਵਾ ਅੰਦਰ ਖੰਡਾ ਖੜਗ ਖਿਚ ਕਟਾਰ, ਤੀਰ ਤਰਕਸ਼ ਭੱਥਾ ਆਪਣੇ ਕੰਧ ਵਖੌਂਦਾ ਏ । ਸੇਵਾ ਅੰਦਰ ਸਭ ਕੁਛ ਵਾਰ, ਆਪ ਆਪਾ ਮੇਟ ਮਿਟੌਂਦਾ ਏ । ਸੇਵਾ ਅੰਦਰ ਸੱਥਰ ਹੰਢਾਇਆ ਸਾਂਝੇ ਯਾਰ, ਮਾਛੂਵਾੜਾ ਰੁੱਤ ਸੁਹੌਂਦਾ ਏ । ਸੇਵਾ ਅੰਦਰ ਬੋਲ ਜੈਕਾਰ, ਪੁਰਖ ਅਕਾਲ ਇਕ ਧਿਔਂਦਾ ਏ । ਸੇਵਾ ਅੰਦਰ ਬਣ ਭਿਖਾਰ, ਸਾਚੀ ਭਿਖਿਆ ਮੰਗ ਮੰਗੌਂਦਾ ਏ । ਸੇਵਾ ਅੰਦਰ ਦੇਵਣਹਾਰ, ਧੁਰ ਦੀ ਵਸਤ ਆਪ ਵਰਤੌਂਦਾ ਏ । ਸੇਵਾ ਅੰਦਰ ਅਗੰਮੀ ਗੁਫ਼ਤਾਰ, ਬਿਨ ਰਸਨਾ ਜਿਹਵਾ ਰਾਗ ਅਲੌਂਦਾ ਏ । ਸੇਵਾ ਅੰਦਰ ਕਰੇ ਖੇਲ ਆਪ ਨਿਰੰਕਾਰ, ਨਿਰਗੁਣ ਆਪਣੀ ਕਲ ਵਰਤੌਂਦਾ ਏ । ਸੇਵਾ ਅੰਦਰ ਕੀਤਾ ਕੌਲ ਇਕਰਾਰ, ਧੁਰ ਦਾ ਲੇਖ ਆਪਣੇ ਹੱਥ ਰਖੌਂਦਾ ਏ । ਸੇਵਾ ਅੰਦਰ ਕਲ ਕਲਕੀ ਲੈ ਅਵਤਾਰ, ਸੰਬਲ ਆਪਣੀ ਰੁੱਤ ਸੁਹੌਂਦਾ ਏ । ਸੇਵਾ ਅੰਦਰ ਗੋਬਿੰਦ ਕਰ ਪਿਆਰ, ਸ਼ਬਦੀ ਜੋਤੀ ਜੋੜ ਜੁੜੌਂਦਾ ਏ । ਸੇਵਾ ਅੰਦਰ ਲੇਖਾ ਜਾਣ ਜੁਗ ਚੌਕੜੀ ਚਾਰ, ਨਵ ਨੌਂ ਪੰਧ ਮੁਕੌਂਦਾ ਏ । ਸੇਵਾ ਅੰਦਰ ਹੋ ਤਿਆਰ, ਤ੍ਰੈਗੁਣ ਅਤੀਤਾ ਫੇਰਾ ਪੌਂਦਾ ਏ । ਸੇਵਾ ਅੰਦਰ ਕਰੇ ਖੇਲ ਆਪ ਕਰਤਾਰ, ਕੁਦਰਤ ਆਪਣਾ ਖੇਲ ਰਚੌਂਦਾ ਏ । ਸੇਵਾ ਅੰਦਰ ਵੇਖੇ ਵਿਗਸੇ ਵੇਖਣਹਾਰ, ਨੇਤਰ ਲੋਚਣ ਨੈਣ ਖੁਲੌਂਦਾ ਏ । ਸੇਵਾ ਅੰਦਰ ਹੋ ਕੇ ਗਰਿਫ਼ਤਾਰ, ਆਪਣਾ ਬਲ ਨਾ ਕੋਇ ਜਣੌਂਦਾ ਏ । ਸੇਵਾ ਅੰਦਰ ਆਪਾ ਆਪ ਵਾਰ, ਪੰਜ ਤੱਤ ਕਾਇਆ ਮਾਟੀ ਤੱਤ ਜਲੌਂਦਾ ਏ । ਸੇਵਾ ਅੰਦਰ ਜੋਤੀ ਜੋਤ ਕਰ ਚਮਤਕਾਰ, ਦੀਆ ਦੀਪਕ ਇਕੋ ਡਗਮਗੌਂਦਾ ਏ । ਸੇਵਾ ਅੰਦਰ ਕਰੇ ਖੇਲ ਸਿਰਜਣਹਾਰ, ਨਿਰਗੁਣ ਨਿਰਵੈਰ ਪੁਰਖ ਅਕਾਲ ਦੀਨ ਦਿਆਲ ਪਰਵਰਦਿਗਾਰ ਸਾਂਝਾ ਯਾਰ ਸਾਚੀ ਕਰਨੀ ਕਾਰ ਕਮੌਂਦਾ ਏ । ਸੇਵਾ ਅੰਦਰ ਭਗਤ ਭਗਵੰਤ ਲਏ ਉਠਾਲ, ਫੜ ਬਾਹੋਂ ਗੋਦ ਬਹੌਂਦਾ ਏ । ਸੇਵਾ ਅੰਦਰ ਵੇਖੇ ਲਾਲ, ਲਾਲਨ ਆਪਣਾ ਰੰਗ ਰਗੌਂਦਾ ਏ । ਸੇਵਾ ਅੰਦਰ ਹੋ ਦਿਆਲ, ਦਿਆਲਤਾ ਇਕੋ ਇਕ ਵਰਤੌਂਦਾ ਏ । ਸੇਵਾ ਅੰਦਰ ਨਾਤਾ ਤੋੜ ਕਾਲ ਮਹਾਂਕਾਲ, ਮਹਿਬੂਬ ਆਪਣਾ ਘਰ ਵਖੌਂਦਾ ਏ । ਸੇਵਾ ਅੰਦਰ ਸਚਖੰਡ ਦਵਾਰ ਸਚੀ ਧਰਮਸਾਲ, ਹਰਿ ਭਗਤਾਂ ਲਈ ਬਣੌਂਦਾ ਏ । ਸੇਵਾ ਅੰਦਰ ਸੰਤ ਸੁਹੇਲੇ ਲਏ ਭਾਲ, ਪੁਰਖ ਅਬਿਨਾਸ਼ੀ ਦਰ ਦਰ ਘਰ ਘਰ ਸੇਵ ਕਮੌਂਦਾ ਏ । ਸੁਣ ਸੇਵਾ ਆ ਕੇ ਵੇਖ ਸਭ ਦਾ ਹਾਲ, ਬਿਨ ਸੇਵਕ ਨਜ਼ਰ ਕੋਇ ਨਾ ਔਂਦਾ ਏ । ਸਭ ਦੇ ਮਸਤਕ ਨੂਰੀ ਜਲਵਾ ਇਕ ਜਲਾਲ, ਜੌਹਰ ਇਕੋ ਰੰਗ ਵਖੌਂਦਾ ਏ । ਸ੍ਰੀ ਭਗਵਾਨ ਸਾਚੀ ਸੇਵਾ ਵਿਚੋਂ ਲਏ ਭਾਲ, ਜੋ ਭਾਲਿਆਂ ਹੱਥ ਕਿਸੇ ਨਾ ਔਂਦਾ ਏ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੇਵਾ ਵਿਚ ਸਰਬ ਰਖੌਂਦਾ ਏ ।

ਸੇਵਾ ਕਹੇ ਮੋਹੇ ਹੋਈ ਹੈਰਾਨੀ, ਨੇਤਰ ਨੈਣਾਂ ਨੈਣ ਸ਼ਰਮਾਈਆ । ਸ੍ਰੀ ਭਗਵਾਨ ਤੇਰੀ ਖੇਲ ਮਹਾਨੀ, ਮੈਂ ਸਮਝ ਸਕਾਂ ਨਾ ਰਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਤੇਰੇ ਦਰ ਉਤੇ ਭਰਨ ਪਾਣੀ, ਮਾਣ ਅਭਿਮਾਨ ਨਾ ਕੋਇ ਜਣਾਈਆ । ਤੇਰੀ ਸੇਵਾ ਵਿਚ ਫਿਰਦੇ ਚਾਰੇ ਖਾਣੀ, ਚਾਰੋਂ ਕੁੰਟ ਨਜ਼ਰੀ ਆਈਆ । ਤੇਰੀ ਸੇਵਾ ਵਿਚ ਦੋ ਜਹਾਨ ਚਲਾਵਣ ਨਿਸ਼ਾਨੀ, ਨਿਸ਼ਾਨਾ ਇਕੋ ਇਕ ਤਕਾਈਆ । ਤੇਰੀ ਸੇਵਾ ਵਿਚ ਸਭ ਨੇ ਬੋਲੀ ਬਾਣੀ, ਬਾਣ ਨਿਰਾਲਾ ਤੀਰ ਚਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਦੇ ਮੋਹੇ ਵਰ, ਦਰ ਤੇਰੇ ਮੰਗ ਮੰਗਾਈਆ ।

ਸੁਣ ਸੇਵਾ ਪ੍ਰਭ ਕਹੇ ਕਰਤਾਰ, ਹਰਿ ਕਰਤਾ ਦਏ ਜਣਾਈਆ । ਸੇਵਾ ਵਿਚ ਸਰਬ ਸੰਸਾਰ, ਦਿਵਸ ਰੈਣ ਸੇਵ ਕਮਾਈਆ । ਗੁਰਮੁਖਾਂ ਸੇਵਾ ਅਪਰ ਅਪਾਰ, ਜਨ ਭਗਤਾਂ ਸੇਵਾ ਸੋਭਾ ਪਾਈਆ । ਮਨਮੁਖਾਂ ਸੇਵਾ ਜਗਤ ਪਿਆਰ, ਕੂੜਾ ਨਾਤਾ ਜੋੜ ਜੁੜਾਈਆ । ਸਾਚੀ ਸੇਵਾ ਹੱਥ ਨਾ ਆਏ ਬਿਨ ਸਤਿਗੁਰ ਚਰਨ ਪਿਆਰ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਸੰਦੇਸ਼ਾ ਇਕ ਸੁਣਾਈਆ ।

ਸੇਵਾ ਕਹੇ ਮੈਂ ਤੈਥੋਂ ਡਰਦੀ, ਉਚੀ ਕੂਕ ਸਕਾਂ ਨਾ ਰਾਈਆ । ਮਨਮੁਖ ਦਵਾਰੇ ਜਾਵਾਂ ਮਰਦੀ ਮਰਦੀ, ਮੇਰੀ ਚਲੇ ਨਾ ਕੋਈ ਵਡਿਆਈਆ । ਤੇਰੇ ਪ੍ਰੇਮ ਦਾ ਮਿਲੇ ਕੋਈ ਨਾ ਦਰਦੀ, ਧੁਰ ਦਾ ਸੰਗ ਨਾ ਕੋਈ ਬਣਾਈਆ । ਮਨ ਵਾਸਨਾ ਸਭ ਦੀ ਲੱਗੀ ਮਰਜ਼ੀ, ਮੁਜਰਮ ਦਿਸੇ ਜਗਤ ਲੋਕਾਈਆ । ਜਿਸ ਵੇਲੇ ਜਨ ਭਗਤ ਦਵਾਰੇ ਵੜਦੀ, ਗੀਤ ਗਾਵਾਂ ਖ਼ੁਸ਼ੀਆਂ ਚਾਈਂ ਚਾਈਆ । ਨਿਉਂ ਨਿਉਂ ਪੈਰ ਓਹਨਾਂ ਦੇ ਫੜਦੀ, ਜੋ ਤੇਰੇ ਚਰਨੀ ਲਗਨ ਸਰਨਾਈਆ । ਗੋਲੀ ਬਣਾਂ ਦਰ ਦੀ, ਘਰ ਘਰ ਸੇਵ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਦੇ ਇਕ ਵਰ, ਹਰਿ ਏਕਾ ਦੇ ਵਖਾਈਆ ।

ਸੁਣ ਸੇਵਾ ਕਹੇ ਨਿਰੰਕਾਰ, ਹਰਿ ਕਰਤਾ ਆਪ ਜਣਾਇੰਦਾ । ਸੇਵਾ ਵਿਚ ਖੇਲ ਅਪਾਰ, ਅਪਰੰਪਰ ਆਪ ਸਮਝਾਇੰਦਾ । ਸਾਚੀ ਸੇਵਾ ਅਪਰ ਅਪਾਰ, ਧੁਰ ਦਾ ਫਲ ਖਵਾਇੰਦਾ । ਜਗਤ ਸੇਵਾ ਕੂੜ ਪਸਾਰ, ਕਰਤਾ ਕੀਮਤ ਕੋਇ ਨਾ ਪਾਇੰਦਾ । ਕੂੜੀ ਸੇਵਾ ਅੰਦਰ ਨੇਤਰ ਰੋਵੇ ਪੁਰਖ ਨਾਰ, ਪੁੱਤਰ ਧੀ ਸਰਬ ਕੁਰਲਾਇੰਦਾ । ਜਗਤ ਕਟੁੰਬ ਨਾ ਕੋਇ ਅਧਾਰ, ਸੱਜਣ ਸੈਣ ਨਜ਼ਰ ਕੋਈ ਨਾ ਆਇੰਦਾ । ਸਾਚੀ ਸੇਵਾ ਗੁਰਮੁਖ ਗੁਰਮੁਖ ਕਰਨ ਪਿਆਰ, ਪ੍ਰੇਮ ਪ੍ਰੀਤੀ ਵਿਚੋਂ ਪਰਗਟਾਇੰਦਾ । ਜਿਸ ਸੇਵਾ ਦੀ ਖਿਲੇ ਸਚ ਗੁਲਜ਼ਾਰ, ਸੋ ਬਗੀਚਾ ਹਰਿ ਮਹਿਕਾਇੰਦਾ । ਸੇਵਾ ਕਰਦੇ ਕਰਦੇ ਸੇਵਾ ਮੰਗਦੇ ਗਏ ਗੁਰੂ ਅਵਤਾਰ, ਪੀਰ ਪੈਗ਼ੰਬਰ ਝੋਲੀ ਸਰਬ ਡਾਹਿੰਦਾ । ਸਭ ਦੀ ਸੇਵਾ ਕਰੇ ਆਪ ਨਿਰੰਕਾਰ, ਸੇਵਾ ਕਰਦਾ ਨਜ਼ਰ ਕਿਸੇ ਨਾ ਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਭੇਵ ਆਪ ਸਮਝਾਇੰਦਾ ।

ਸੁਣ ਸੇਵਾ ਧੁਰ ਦੀ ਗਾਥ, ਹਰਿ ਕਰਤਾ ਆਪ ਜਣਾਈਆ । ਤੇਰੀ ਸੇਵਾ ਜਗਤ ਦਾਤ, ਪਾਰਬ੍ਰਹਮ ਵਡਿਆਈਆ । ਤੇਰਾ ਮੇਲਾ ਭਗਤਾਂ ਸਾਥ, ਸੰਤ ਸਾਜਣ ਜੋੜ ਜੁੜਾਈਆ । ਤੇਰੀ ਸੇਵਾ ਪ੍ਰਭ ਚਰਨ ਪ੍ਰੀਤੀ ਨਾਤ, ਘਰ ਇਕੋ ਨਜ਼ਰੀ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹੀਆ ।

ਸੇਵਾ ਕਹੇ ਮੋਹੇ ਕੋਈ ਨਾ ਨਾਤਾ, ਜਗਤ ਮਿਲੇ ਨਾ ਕੋਈ ਵਡਿਆਈਆ । ਇਕੋ ਮੰਗਾਂ ਧੁਰ ਦੀ ਦਾਤਾ, ਦਾਤਾਰ ਤੇਰੇ ਅੱਗੇ ਝੋਲੀ ਡਾਹੀਆ । ਮੈਂ ਜਨ ਭਗਤ ਦਵਾਰੇ ਖ਼ਾਲੀ ਬਰਤਨ ਮਾਂਝਾਂ ਨਾਲ ਪਰਾਤਾਂ, ਖ਼ਾਕ ਧੂੜੀ ਨਾਲ ਸੇਵ ਕਮਾਈਆ । ਨਿਉਂ ਨਿਉਂ ਗੁਰਮੁਖਾਂ ਦੇ ਚਰਨਾ ਵਲ ਝਾਕਾਂ, ਨੈਣ ਉਪਰ ਨਾ ਸਕਾਂ ਉਠਾਈਆ । ਹੌਲੀ ਹੌਲੀ ਸੁਣਾਂ ਉਹਨਾਂ ਦੀਆਂ ਬਾਤਾਂ, ਜੋ ਖ਼ੁਸ਼ੀਆਂ ਤੇਰਾ ਢੋਲਾ ਗਾਈਆ । ਜਿਨ੍ਹਾਂ ਬਿਰਹੋਂ ਵਿਛੋੜੇ ਵਿਚ ਲੰਘਾਈਆਂ ਰਾਤਾਂ, ਤਿਨ੍ਹਾਂ ਪੈਰ ਹੇਠ ਆਪਣਾ ਸੀਸ ਟਿਕਾਈਆ । ਚੁੱਕ ਕੇ ਭਾਰ ਧੰਨ ਧੰਨ ਆਖਾਂ, ਕਹਿ ਕਹਿ ਸ਼ੁਕਰ ਮਨਾਈਆ । ਖ਼ੁਸ਼ੀਆਂ ਵਿਚ ਕਹਾਂ ਮੇਰੀਆਂ ਮੁੱਕੀਆਂ ਵਾਟਾਂ, ਅੱਗੇ ਪੰਧ ਨਜ਼ਰ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮੋਹੇ ਦੇਣੀ ਮਾਣ ਵਡਿਆਈਆ ।

ਸ੍ਰੀ ਭਗਵਾਨ ਕਹੇ ਸੇਵਾ ਤੂੰ ਸੇਵ ਕੀ ਕਮੌਣੀ ਆਂ । ਨੇਤਰ ਲੋਚਣ ਲਏ ਪੇਖ, ਹਰਿ ਜੂ ਕੀ ਕੀ ਖੇਲ ਵਰਤੌਣੀ ਆਂ । ਜਨ ਭਗਤਾਂ ਪਿਛੇ ਧਰਿਆ ਭੇਖ, ਤਿਸ ਆਪਣੀ ਜੋਤ ਅਕਾਲਣ ਨਿਰਗੁਣ ਸੇਵਾ ਵਿਚ ਰਖੌਣੀ ਆਂ । ਭਗਤ ਦਵਾਰੇ ਵੇਖ ਸਚ ਕੋਟ, ਫੂਲਣ ਬਰਖਾ ਇਕ ਬਰਸੌਣੀ ਆਂ । ਦੇ ਨਾਮ ਭੰਡਾਰ ਅਤੋਟ, ਅਤੁਟ ਦਾਤ ਵਰਤੌਣੀ ਆਂ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੇਵਾ ਸਾਚੀ ਸਚ ਕਮੌਣੀ ਆਂ ।

ਸੇਵਾ ਕਹੇ ਤੂੰ ਭਗਵਾਨ, ਪ੍ਰਭ ਤੇਰੇ ਹੱਥ ਵਡਿਆਈਆ । ਇਹ ਦਾਤ ਮੈਨੂੰ ਦੇ ਦੇ ਦਾਨ, ਦਰ ਦਰਵੇਸ਼ ਬੈਠੀ ਝੋਲੀ ਡਾਹੀਆ । ਮੈਂ ਜਾ ਕੇ ਸੇਵਾ ਕਰਾਂ ਮਹਾਨ, ਸੇਵਕ ਬਣ ਕੇ ਸੇਵ ਕਮਾਈਆ । ਜਿਸ ਮਾਰਗ ਗੁਰਮੁਖ ਆਣ, ਤਿਨ੍ਹਾਂ ਕੇਸ ਚਵਰ ਝੁਲਾਈਆ । ਜਿਸ ਵੇਲੇ ਮੇਰੇ ਉਪਰ ਚਰਨ ਟਿਕਾਨ, ਮੈਂ ਖ਼ੁਸ਼ੀਆਂ ਨਾਲ ਲਵਾਂ ਉਠਾਈਆ । ਨਾਲੇ ਕੂਕ ਪੁਕਾਰ ਕਰਾਂ ਬਿਨਾ ਜ਼ਬਾਨ, ਅੰਦਰੇ ਅੰਦਰ ਰਾਗ ਸੁਣਾਈਆ । ਚਲੋ ਓਸ ਨੂੰ ਮਿਲੀਏ ਆਣ, ਜੋ ਧੁਰ ਦਾ ਮਾਲਕ ਬੇਪਰਵਾਹੀਆ । ਜਿਸ ਮੇਰੀ ਸੇਵਾ ਲਾਈ ਵਿਚ ਜਹਾਨ, ਜਨ ਭਗਤਾਂ ਜੋੜ ਜੁੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦੇਵੇ ਮਾਣ ਵਡਿਆਈਆ ।

ਸੁਣ ਕੇ ਬਾਤ ਸੇਵਾ ਦੀ ਹਰਿ, ਧੁਰ ਸੰਦੇਸ਼ਾ ਇਕ ਜਣਾਈਆ । ਉਠ ਬਾਲ ਆ ਦਰ, ਦਰਦੀ ਦਰਦ ਵੰਡਾਈਆ । ਆਪਣੀ ਕਹਾਣੀ ਦੱਸ ਘੜ, ਕੀ ਕੀ ਬਣਤ ਬਣਾਈਆ । ਤੇਰੀ ਕਿਸ ਲਗਾਈ ਜੜ੍ਹ, ਪਤ ਡਾਹਲੀ ਕਵਣ ਮਹਿਕਾਈਆ । ਕੀ ਕਰਨੀ ਜੁਗ ਜੁਗ ਰਿਹਾ ਕਰ, ਨੇਹਕਰਮੀ ਇਕੋ ਮੰਗ ਮੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦੇਵੇ ਮਾਣ ਵਡਿਆਈਆ ।

ਸੇਵਾ ਕਹੇ ਮੇਰੇ ਰੂਪ ਪੰਜ, ਪੰਜਾਂ ਵਿਚੋਂ ਨਜ਼ਰੀ ਆਈਆ । ਪੰਜ ਕਹਿਣ ਤੇਰੀ ਧਾਰ ਸੂਰਾ ਸਰਬੰਗ, ਸ਼ਹਿਨਸ਼ਾਹ ਤੇਰੀ ਬੇਪਰਵਾਹੀਆ । ਸ਼ਹਿਨਸ਼ਾਹ ਕਹੇ ਮੇਰਾ ਖੇਲ ਇਕ ਅਨੰਦ, ਅਨੰਦ ਅਨੰਦ ਵਿਚੋਂ ਪਰਗਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰ ਵਡਿਆਈਆ ।

ਸੇਵਾ ਕਹੇ ਮੇਰਾ ਮੇਲ ਪੰਜ, ਪੰਜ ਮਿਲੇ ਵਡਿਆਈਆ । ਮੇਰਾ ਰੂਪ ਦਾ ਨਾ ਕੋਈ ਤੱਤ ਕਾਇਆ ਕੰਚ, ਗੜ੍ਹ ਨਜ਼ਰ ਕੋਈ ਨਾ ਆਈਆ । ਅਪ ਤੇਜ ਵਾਏ ਪ੍ਰਿਥਮੀ ਅਕਾਸ਼ ਨਾ ਕੋਈ ਨੂਰ ਅਗਨੀ ਅੰਚ, ਧੂਆਂਧਾਰ ਨਾ ਕੋਈ ਰਖਾਈਆ । ਸਾਹਿਬ ਸਤਿਗੁਰ ਪੁਰਖ ਅਕਾਲ ਬਣਾਈ ਮੇਰੀ ਬਣਤ, ਘਾੜਤ ਆਪਣੀ ਹੱਥੀਂ ਘੜਾਈਆ । ਜਿਸ ਦਾ ਭੇਵ ਨੌਂ ਸੌ ਚੁਰਾਨਵੇਂ ਚੌਕੜੀ ਜੁਗ ਕਿਸੇ ਨਾ ਪਾਇਆ ਜੀਵ ਜੰਤ, ਗੁਰ ਅਵਤਾਰ ਨਾ ਕੋਇ ਲੇਖ ਲਿਖਾਈਆ । ਮੇਰੀ ਮਹਿਮਾ ਸਦਾ ਅਗਣਤ, ਰਸਨਾ ਜਿਹਵਾ ਨਾ ਕੋਈ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰਵਾਨ ਮੇਰਾ ਭੇਵ ਦਏ ਚੁਕਾਈਆ ।

ਸੇਵਾ ਕਹੇ ਮੇਰੇ ਪੰਜ ਰੂਪ, ਰੂਪਾਵੰਤੀ ਨਜ਼ਰੀ ਆਈਆ । ਸਾਹਿਬ ਸਵਾਮੀ ਮੇਰਾ ਭੂਪ, ਪਤਿਪਰਮੇਸ਼ਵਰ ਬੇਪਰਵਾਹੀਆ । ਮੇਰੀ ਸੇਵਾ ਚਾਰ ਕੂਟ, ਚਾਰੇ ਰੂਪ ਦਏ ਸਮਝਾਈਆ । ਪੰਜਵੀਂ ਸੇਵਾ ਚਰਨ ਵਿਚ ਰੱਖ ਸਭ ਤੋਂ ਕਰੇ ਮਜ਼ਬੂਤ, ਹਾਰ ਜਿਤ ਆਪਣੇ ਹੱਥ ਰਖਾਈਆ । ਨਾ ਕੋਈ ਤੱਤ ਨਾ ਵਜੂਦ, ਬੁੱਤ ਰੂਪ ਨਾ ਕੋਈ ਵਖਾਈਆ । ਸਾਹਿਬ ਸਤਿਗੁਰ ਇਕ ਮਹਿਬੂਬ, ਮਿਹਰਵਾਨ ਦਏ ਵਡਿਆਈਆ । ਆਦਿ ਜੁਗਾਦਿ ਜੁਗ ਚੌਕੜੀ ਸਦਾ ਮੌਜੂਦ, ਵਿਛੋੜਾ ਨਜ਼ਰ ਕੋਈ ਨਾ ਆਈਆ । ਸਾਹਿਬ ਸਤਿਗੁਰ ਮੈਨੂੰ ਕਰ ਕੇ ਰੱਖਿਆ ਮਹਿਫ਼ੂਜ਼, ਸਿਰ ਆਪਣਾ ਹੱਥ ਟਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਮਿਹਰਵਾਨ ਹੋਏ ਸਹਾਈਆ ।

ਸੇਵਾ ਕਹੇ ਮੇਰਾ ਰੂਪ ਪਰਗਟ, ਸ੍ਰੀ ਭਗਵਾਨ ਆਪ ਪਰਗਟਾਈਆ । ਮੇਰਾ ਖੇਲ ਹਰ ਘਟ, ਹਰਿ ਕਰਤਾ ਆਪ ਜਣਾਈਆ । ਮੇਰਾ ਖੇਲ ਮਰ ਘਟ, ਮੜੀ ਗੋਰ ਵੇਖ ਵਖਾਈਆ । ਮੇਰਾ ਖੇਲ ਤੀਰਥ ਤੱਟ, ਤੱਟ ਕਿਨਾਰਾ ਫੋਲ ਫੁਲਾਈਆ । ਮੇਰਾ ਖੇਲ ਮੰਦਰ ਮੱਠ, ਸ਼ਿਵਦਵਾਲੇ ਵੇਖਾਂ ਚਾਈਂ ਚਾਈਆ ।

ਮੇਰਾ ਖੇਲ ਹੱਥ ਪੁਰਖ ਸਮਰੱਥ, ਸ੍ਰੀ ਭਗਵਾਨ ਸਾਚੀ ਸੇਵਾ ਲਾਈਆ । ਮੇਰਾ ਖੇਲ ਸਦਾ ਅਕੱਥ, ਕਥਨੀ ਕਥ ਨਾ ਸਕੇ ਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਚਾ ਵਰ, ਸਚ ਸੇਵਾ ਦਏ ਵਡਿਆਈਆ ।

ਸੇਵਾ ਕਹੇ ਮੇਰਾ ਪ੍ਰੀਤਮ ਓਹ, ਦੇਵੇ ਮਾਣ ਵਡਿਆਈਆ । ਜਿਸ ਸੇਵਾ ਅੰਦਰ ਆਪਣੀ ਸੇਵਾ ਲਾਈ ਛੱਬੀ ਪੋਹ, ਵੇਸ ਅਵਲੜਾ ਰੂਪ ਵਟਾਈਆ । ਸੇਵਾ ਖ਼ਾਤਰ ਨਿਰਗੁਣ ਹੋ, ਸਰਗੁਣ ਰੰਗ ਨਾ ਕੋਇ ਰੰਗਾਈਆ । ਮੀਤ ਮੁਰਾਰਾ ਸੱਜਣ ਲਿਆ ਟੋਹ, ਗੋਬਿੰਦ ਆਪਣੇ ਅੰਗ ਲਗਾਈਆ । ਦੋ ਜਹਾਨਾਂ ਸਭ ਤੋਂ ਸੇਵਾ ਖੋਹ, ਸਾਚੀ ਸੇਵਾ ਇਕੋ ਰੂਪ ਵਖਾਈਆ । ਕੂੜ ਕੁਟੰਬ ਨਾਲੋਂ ਤੋੜ ਮੋਹ, ਜਨ ਭਗਤਾਂ ਹੋਏ ਸਹਾਈਆ । ਸੇਵਾ ਕਰ ਕਰ ਦੁਰਮਤ ਮੈਲ ਧੋ, ਨਿਰਮਲ ਨਿਰਮਲ ਆਪ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਸੇਵਾ ਆਪ ਦਰਸਾਈਆ ।

ਸੇਵਾ ਕਹੇ ਮੈਂ ਪੰਚ ਪਿਆਰੀ, ਸਚ ਰੰਗ ਰੰਗਾਈਆ । ਜੁਗ ਚੌਕੜੀ ਮੈਨੂੰ ਸਾਰੇ ਵੇਂਹਦੇ ਰਹੇ ਕੁਵਾਰੀ, ਜੋਬਨ ਮਤੀ ਨੂਰ ਅਲਾਹੀਆ । ਡੋਲੀ ਫੜ ਕਿਸੇ ਨਾ ਚਾੜ੍ਹੀ, ਜਗਤ ਕਹਾਰ ਕੰਧ ਨਾ ਕੋਈ ਉਠਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਪ੍ਰੇਮ ਪ੍ਰੀਤੀ ਕਰਦੇ ਗਏ ਵਾਰੋ ਵਾਰੀ, ਵਾਰਤਾ ਲੇਖੇ ਜਾਣੇ ਲੋਕਾਈਆ । ਰਸਨਾ ਜਿਹਵਾ ਬੱਤੀ ਦੰਦ ਬੋਲ ਗਏ ਉਚੀ ਕੂਕ ਪੁਕਾਰੀ, ਧੁਰ ਦਾ ਨਾਦ ਵਜਾਈਆ । ਸਭ ਦਾ ਦਾਤਾ ਸ਼ਹਿਨਸ਼ਾਹ ਆਵੇ ਇਕੋ ਵਾਰੀ, ਏਕੰਕਾਰਾ ਨਾਉਂ ਉਪਾਈਆ । ਜਿਸ ਦੀ ਸੇਵਾ ਸਰਬ ਤੋਂ ਨਿਆਰੀ, ਨੇਤਰ ਨੈਣ ਨਜ਼ਰ ਨਾ ਆਈਆ । ਜਿਸ ਦੀ ਸੇਵਾ ਸੇਵਕ ਰੂਪ ਬਣ ਕੇ ਦੇਵੇ ਬਹਾਰੀ, ਕੂੜਾ ਕਿਰਕਟ ਹੂੰਝ ਵਖਾਈਆ । ਤਿਸ ਸੇਵਾ ਸੰਗ ਸਾਹਿਬ ਲਗਾਏ ਯਾਰੀ, ਮਿਹਰਵਾਨ ਜੋੜ ਜੁੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਦੇਵੇ ਮਾਣ ਵਡਿਆਈਆ ।

ਸੇਵਾ ਕਹੇ ਮੇਰੇ ਮਿਹਰਵਾਨ, ਮੋਹੇ ਸਚ ਦੇ ਦ੍ਰਿੜਾਈਆ । ਮੇਰਾ ਲੇਖਾ ਕਬ ਕਰੇਂ ਪਰਵਾਨ, ਆਪਣੇ ਲੇਖੇ ਲਾਈਆ । ਸ਼ਾਹ ਪਾਤਸ਼ਾਹ ਹੋ ਮਿਹਰਵਾਨ, ਨਿਰਗੁਣ ਨਿਰਵੈਰ ਆਪ ਜਣਾਈਆ । ਬੀਸ ਬੀਸੇ ਜਨ ਭਗਤਾਂ ਦੇ ਮਾਣ, ਗੁਰਮੁਖ ਆਪਣੀ ਗੋਦ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਲੇਖਾ ਇਕ ਦ੍ਰਿੜਾਈਆ ।

ਸਾਚੀ ਸਿਖਿਆ ਇਕ ਦ੍ਰਿੜਾਉਂਦਾ ਏ । ਸ੍ਰੀ ਭਗਵਾਨ ਹੁਕਮ ਸਣੌਂਦਾ ਏ । ਬੀਸ ਬੀਸਾ ਖ਼ੁਸ਼ੀ ਮਨੌਂਦਾ ਏ । ਜਨ ਭਗਤਾਂ ਆਪ ਵਡਿਔਂਦਾ ਏ । ਸਾਚੀ ਸੇਵਾ ਤੇਰੀ ਰੀਤੀ ਇਕ ਵਖੌਂਦਾ ਏ । ਪਿਛਲੀ ਬੀਤੀ ਆਪ ਝੋਲੀ ਪੌਂਦਾ ਏ । ਅੱਗੇ ਕਰ ਕੇ ਠੰਡੀ ਸੀਤੀ, ਜਨ ਭਗਤਾਂ ਜੋੜ ਵਖੌਂਦਾ ਏ । ਤੂੰ ਵੇਖੀਂ ਪ੍ਰਭ ਦੀ ਲੁਕਣ ਮੀਟੀ, ਔਂਦਾ ਜਾਂਦਾ ਨਜ਼ਰ ਕਿਸੇ ਨਾ ਔਂਦਾ ਏ । ਕਰੇ ਖੇਲ ਅਗੰਮੀ ਅਨਡੀਠੀ, ਅਨਡਿਠੜੀ ਕਾਰ ਕਮੌਂਦਾ ਏ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਤੈਨੂੰ ਸਚ ਦਵਾਰ ਬਹੌਂਦਾ ਏ ।

ਸੇਵਾ ਤੈਨੂੰ ਸਚ ਦਵਾਰ ਬਹਾਵਾਂਗਾ । ਜਨ ਭਗਤਾਂ ਅੰਦਰ ਆਪ ਰਖਾਵਾਂਗਾ । ਕਾਇਆ ਮੰਦਰ ਸਚ ਸੁਹਾਵਾਂਗਾ । ਭਾਗ ਲਗਾ ਕੇ ਡੂੰਘੀ ਕੰਦਰ, ਨਿਰਮਲ ਨੂਰ ਜੋਤ ਚਮਕਾਵਾਂਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇ ਸਚਾ ਵਰ, ਕਿਸ ਵੇਲੇ ਖੇਲ ਕਰ ਕੇ ਮੇਰਾ ਸਚਾ ਘਰ ਵਖਾਵੇਗਾ ।

ਸ੍ਰੀ ਭਗਵਾਨ ਦਇਆ ਕਮੌਂਦਾ ਏ । ਸਚ ਸੁਨੇਹੁੜਾ ਇਕ ਸੁਣੌਂਦਾ ਏ । ਤੇਰਾ ਰਾਹ ਆਪ ਚਲੌਂਦਾ ਏ । ਬੀਸ ਬੀਸਾ ਢੂੰਡ ਢੂੰਡੌਂਦਾ ਏ । ਜਗਤ ਜਗਦੀਸ਼ਾ ਰੰਗ ਰੰਗੌਂਦਾ ਏ । ਸਭ ਦਾ ਖ਼ਾਲੀ ਕਰ ਕੇ ਖ਼ੀਸਾ, ਖ਼ਾਲਸ ਤੇਰਾ ਰੂਪ ਜਣੌਂਦਾ ਏ । ਧੁਰ ਦੀ ਦੇ ਇਕ ਹਦੀਸਾ, ਹਜ਼ਰਤ ਕਲਮਾ ਇਕ ਪੜ੍ਹੌਂਦਾ ਏ । ਦੂਰ ਦੁਰਾਡੋਂ ਆ ਨਜ਼ਦੀਕਾ, ਨੇਰਨ ਨੇਰ ਪੰਧ ਮੁਕੌਂਦਾ ਏ । ਮੇਰੇ ਭਗਤਾਂ ਨਾਲ ਨਾ ਕਰੀਂ ਸ਼ਰੀਕਾ, ਸ਼ਰੀਕਤ ਤੇਰੀ ਸਰਬ ਗਵੌਂਦਾ ਏ । ਇਹਨਾਂ ਅੰਦਰ ਮੇਰੀ ਤੌਫ਼ੀਕਾ, ਤੋਹਫਾ ਤੇਰੀ ਝੋਲੀ ਪੌਂਦਾ ਏ । ਤੂੰ ਸੇਵਾ ਸੇਵਾ ਕਰਾਈਂ ਨਾਲ ਰੀਝਾਂ, ਰਹੀਮ ਰਹਿਮਾਨ ਵੇਖ ਵਖੌਂਦਾ ਏ । ਅੱਗੇ ਵੇਖ ਲੰਘ ਦਹਿਲੀਜਾਂ, ਪਰਦਾ ਉਹਲਾ ਆਪ ਉਠੌਂਦਾ ਏ । ਨੇਤਰ ਤੱਕ ਲਾ ਕੇ ਨੀਝਾਂ, ਨੈਣ ਅੱਖ ਖੁਲੌਂਦਾ ਏ । ਸੇਵਾ ਵੇਖ ਕਹੇ ਪ੍ਰਭ ਨਜ਼ਰੀ ਆਇਆ ਮੀਤਾ, ਮਿੱਤਰ ਪਿਆਰਾ ਜੋ ਅਖਵੌਂਦਾ ਏ । ਗੁਰਮੁਖ ਗੁਰਸਿਖ ਹਰਿਜਨ ਹਰਿਭਗਤ ਜਿਸ ਅਕੱਠਾ ਕੀਤਾ, ਘਰ ਇਕੋ ਰੰਗ ਚੜ੍ਹੌਂਦਾ ਏ । ਭੇਵ ਚੁਕਾਇਆ ਊਚਾਂ ਨੀਚਾਂ, ਸ਼ੱਤਰੀ ਬ੍ਰਹਿਮਣ ਸ਼ੂਦਰ ਵੈਸ਼ ਸੰਗ ਨਿਭੌਂਦਾ ਏ । ਜਿਨ੍ਹਾਂ ਨੈਣ ਖੋਲ੍ਹ ਤੀਜਾ, ਰਾਤੀ ਸੁੱਤਿਆਂ ਦਰਸ਼ ਦਿਖੌਂਦਾ ਏ । ਇਹਨਾਂ ਦੀ ਸੇਵਾ ਅੰਤਰ ਰੀਝਾ, ਪ੍ਰੇਮ ਪ੍ਰੀਤੀ ਇਕ ਵਖੌਂਦਾ ਏ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਖੇਲ ਆਪ ਜਣੌਂਦਾ ਏ ।

ਸੇਵਾ ਕਹੇ ਮੈਂ ਸੇਵਾ ਕਰਨੀ, ਸੇਵਕ ਰੂਪ ਵਟਾਈਆ । ਭਗਵਾਨ ਕਹੇ ਲੱਗ ਇਹਨਾਂ ਦੀ ਚਰਨੀ, ਜੋ ਚਰਨੀ ਬੈਠ ਸੀਸ ਝੁਕਾਈਆ । ਸੇਵਾ ਕਹੇ ਮੈਂ ਪਾਣੀ ਭਰਨੀ, ਦਰ ਦਰ ਘਰ ਘਰ ਫੇਰਾ ਪਾਈਆ । ਭਗਵਾਨ ਕਹੇ ਔਖੀ ਮੰਜ਼ਲ ਚੜ੍ਹਨੀ, ਬਿਨਾ ਹਰਿ ਕਿਰਪਾ ਚੜ੍ਹਨ ਕੋਈ ਨਾ ਪਾਈਆ । ਸੇਵਾ ਕਹੇ ਮੈਂ ਤੈਥੋਂ ਡਰਨੀ, ਸੀਸ ਨਾ ਉਪਰ ਉਠਾਈਆ । ਸ੍ਰੀ ਭਗਵਾਨ ਕਹੇ ਮੈਂ ਉਹ ਖੇਲ ਕਰਨੀ, ਜੋ ਆਦਿ ਜੁਗਾਦਿ ਨਾ ਕਿਸੇ ਕਰਾਈਆ । ਸੇਵਾ ਕਹੇ ਮੈਂ ਮਰਦੀ ਮਰਨੀ, ਮਰ ਮਰ ਆਪਾ ਆਪ ਮਚਾਈਆ । ਸ੍ਰੀ ਭਗਵਾਨ ਕਹੇ ਤੂੰ ਇਕੋ ਸਿਖਿਆ ਪੜ੍ਹਨੀ, ਜੋ ਗੁਰਮੁਖ ਦੇਣ ਸਮਝਾਈਆ । ਸੇਵਾ ਕਹੇ ਮੈਂ ਕੰਨੀ ਫੜਨੀ, ਚੋਲੀ ਗੰਢ ਪੁਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸੇਵਾ ਸਚ ਸੇਵਾ ਦਏ ਸਮਝਾਈਆ ।

ਸੇਵਾ ਵੇਖ ਸੇਵਕ ਸੇਵਾ ਕਰਨ, ਅੱਠੇ ਪਹਿਰ ਧਿਆਨ ਲਗਾਈਆ । ਰਸਨਾ ਜਿਹਵਾ ਪਰਮ ਪੁਰਖ ਦਾ ਢੋਲਾ ਪੜ੍ਹਨ, ਸਚਾ ਰਾਗ ਅਲਾਈਆ । ਬਿਰਹੋਂ ਵਿਛੋੜੇ ਅੰਦਰ ਮਰਨ, ਜੀਵਤ ਜੀਵਣ ਰੂਪ ਵਟਾਈਆ । ਤੂਹੀ ਤੂਹੀ ਕਰਨ, ਮੈਂ ਮਮਤਾ ਰਹੇ ਗਵਾਈਆ । ਜਾਗਤ ਸੋਵਤ ਖ਼ੁਸ਼ੀਆਂ ਕਰਨ, ਕਰ ਕਰ ਰਹੇ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਹ ਦੇਵੇ ਸਚ ਮਾਣ ਵਡਿਆਈਆ ।

ਸ੍ਰੀ ਭਗਵਾਨ ਕਹੇ ਸੁਣ ਧੁਰ ਸੁਚੱਜੀ, ਅੱਛੀ ਤਰਾ ਸਮਝਾਈਆ । ਸੇਵਾ ਅੰਦਰ ਰਾਤ ਸੰਗਤ ਗਈ ਭੱਜੀ, ਸੁਰਤੀ ਸਤਿਗੁਰ ਵਿਚ ਰਲਾਈਆ । ਜਿਸ ਵੇਲੇ ਰਾਤ ਹੋਈ ਅੱਧੀ, ਅੰਧ ਅੰਧੇਰ ਰਹੇ ਗਵਾਈਆ । ਗੁਰਮੁਖ ਗੁਰਸਿਖ ਹੱਥ ਖਲੋਤੇ ਬੱਧੀ, ਬੰਦਨਾ ਇਕ ਕਰਾਈਆ । ਕਿਸ਼ਨ ਸਿੰਘ ਹੌਲੀ ਜਿਹੀ ਬਾਤ ਸੁਣਾਈ ਅੱਧੀ, ਅੱਗੋਂ ਬੈਠਾ ਜ਼ਬਾਨ ਬੰਧ ਕਰਾਈਆ । ਸਾਹਿਬ ਸਤਿਗੁਰ ਤੇਰੀ ਵਡਿਆਈ ਵੱਡੀ, ਕਿਛ ਕਹਿਣਾ ਕਹਿਣ ਨਾ ਪਾਈਆ । ਓਸੇ ਵੇਲੇ ਪੰਜਾਂ ਸਪੁੱਤਰੀਆਂ ਕਿਹਾ ਬਾਪੂ ਗੱਲ ਅੱਛੀ, ਅੱਛੀ ਤਰਾਂ ਜਣਾਈਆ । ਮੈਂਢੀ ਸੀਸ ਕਰ ਕੇ ਨੰਗੀ, ਖੁਲੜੇ ਕੇਸ ਦਿਤੀ ਦੁਹਾਈਆ । ਲਾਲੋ ਉਠ ਕੇ ਮੰਗ ਮੰਗੀ, ਮਿਹਰਵਾਨ ਹੋ ਸਹਾਈਆ । ਸ੍ਰੀ ਭਗਵਾਨ ਕਿਹਾ ਸੱਤ ਮਹੀਨੇ ਇਹਨਾਂ ਦੀ ਔਧ ਰਹਿੰਦੀ, ਲੇਖਾ ਮੁਕਿਆ ਥਾਉਂ ਥਾਈਆ । ਓਸੇ ਵੇਲੇ ਸੰਗਤ ਸਾਰੀ ਰੋ ਕੇ ਕਹਿੰਦੀ, ਬਖ਼ਸ਼ ਸਾਹਿਬ

ਸਚੇ ਗੁਸਾਈਆ । ਇਕੋ ਤੇਰੇ ਪ੍ਰੇਮ ਦੀ ਲੱਗੇ ਮਹਿੰਦੀ, ਦੂਜਾ ਰੰਗ ਨਾ ਕੋਈ ਰੰਗਾਈਆ । ਤੇਰੀ ਕਾਇਆ ਤੇਰੇ ਹੁੰਦਿਆਂ ਢਹਿੰਦੀ, ਲੱਜਿਆ ਤੇਰੀ ਝੋਲੀ ਪਾਈਆ । ਸੰਗਤ ਤੇਰੀ ਤੇਰਾ ਭਾਣਾ ਸਹਿੰਦੀ, ਸਿਰ ਸਿਰ ਖ਼ੁਸ਼ੀ ਮਨਾਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦੋਹਾਂ ਹੱਥਾਂ ਫੜ ਕੇ ਕਿਹਾ ਹਰਿ ਦਇਆ ਕਰੇ ਕਲਾ ਨਾ ਚੜ੍ਹਦੀ ਨਾ ਢਹਿੰਦੀ, ਢਹਿ ਢੇਰ ਨਾ ਕੋਈ ਬਣਾਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਦੇਵੇ ਦਾਨ ਹੋ ਮਿਹਰਵਾਨ ਜਗਤ ਜਹਾਨ ਨਿਸ਼ਾਨੀ ਰਹਿੰਦੀ, ਲੇਖਾ ਸਕੇ ਨਾ ਕੋਈ ਮੁਕਾਈਆ ।

ਸੁਣ ਬਚਨ ਲਾਲ ਨੇਤਰ ਰੋ, ਲਾਲੋ ਆਖ ਸੁਣਾਈਆ । ਤੇਰੇ ਬਿਨਾਂ ਨਾ ਸਾਡਾ ਕੋ, ਸੰਗ ਨਾ ਕੋਈ ਵਖਾਈਆ । ਤੇਰੇ ਜੋਗੇ ਗਏ ਹੋ, ਦਿਵਸ ਰੈਣ ਨਿੱਕੀਆਂ ਨਿੱਕੀਆਂ ਬੱਚੀਆਂ ਰਹੀਆਂ ਗਾਈਆ । ਕਿਉਂ ਪ੍ਰਭੂ ਤੋੜਦਾ ਮੋਹ, ਨਾਤਾ ਪੰਜ ਤੱਤ ਛੁਡਾਈਆ । ਸ੍ਰੀ ਭਗਵਾਨ ਦਇਆਵਾਨ ਆਪੇ ਹੋ, ਸਿੰਘ ਕਿਸ਼ਨ ਦਿਤੀ ਵਡਿਆਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਰੱਖ ਵਿਚੋਲਾ ਮੈਨੂੰ ਏਹਨਾਂ ਜੋਗਾ ਗਿਆ ਹੋ, ਸਿਰ ਓਢਣ ਪਰਦਾ ਦੋਸ਼ਾਲਾ ਆਪਣਾ ਆਪ ਟਿਕਾਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੀਂਵਦਿਆਂ ਜੀਂਵਦਿਆਂ ਜੀਉਂਦੇ ਜੀਵ ਲਏ ਤਰਾਈਆ ।

★ ★ ★ ★ ★
★ ★ ★ ★ ★

★ ੨੫ ਪੋਹ ੨੦੨੧ ਬਿਕ੍ਰਮੀ ਜਰਨੈਲ ਸਿੰਘ ਦੇ ਨਵਿਤ ਜੇਠੂਵਾਲ ★

ਹਰਿ ਸਤਿਗੁਰ ਸੇਵਾ ਅਗੰਮਾ ਫਲ, ਅੰਮ੍ਰਿਤਾਂ ਵਿਚੋਂ ਅੰਮ੍ਰਿਤ ਨਜ਼ਰੀ ਆਈਆ । ਜਿਸ ਨੂੰ ਖਾਧਿਆਂ ਮਿਲੇ ਨਿਹਚਲ ਧਾਮ ਅਟੱਲ, ਪਦਵੀ ਇਕੋ ਇਕ ਜਣਾਈਆ । ਸੱਚ ਦਵਾਰਾ ਲੈਣ ਮੱਲ, ਚਰਨ ਕਵਲ ਸਰਨਾਈਆ । ਕਿਸੇ ਦੇ ਹਿਲਾਇਆਂ ਮੂਲ ਨਾ ਜਾਣ ਹੱਲ, ਪਾਸਾ ਸਕੇ ਨਾ ਕੋਇ ਬਦਲਾਈਆ । ਪੁਰਖ ਅਬਿਨਾਸ਼ੀ ਹੋਇਆ ਜਿਨ੍ਹਾਂ ਦੇ ਵੱਲ, ਵਲਵਲੇ ਸਾਰੇ ਦਏ ਚੁਕਾਈਆ । ਲੋੜ ਰਹੀ ਨਾ ਗੰਗਾ ਜਲ, ਮੰਦਰਾਂ ਸੀਸ ਨਾ ਕੋਇ ਨਿਵਾਈਆ । ਸਿੱਧਾ ਸਚ ਦਵਾਰੇ ਦੇਵੇ ਘੱਲ, ਘੜੀ ਪਲ ਨਾ ਕੋਇ ਅਟਕਾਈਆ । ਸੋਹੰ ਨਾਮ ਦਾ ਵਜਦਾ ਜਾਏ ਟੱਲ, ਟੱਲੀਆਂ ਵਾਲੇ ਬੈਠਣ ਮੁੱਖ ਸ਼ਰਮਾਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਿਸ ਦਾ ਜਨਮ ਕਰਮ ਦਾ ਲੇਖਾ ਦਿੱਤਾ ਉਥਲ, ਪਿੱਛੇ ਬਾਕੀ ਨਾ ਕੋਇ ਰਖਾਈਆ ।

★ ★ ★ ★ ★
★ ★ ★ ★ ★

ਤਕਲੀਫ਼ ਮਿਟੌਣ ਦਾ ਜੇ ਛੇਤੀ ਚਾਅ, ਸਤਿ ਸਚ ਸਚ ਦਿਆਂ ਦ੍ਰਿੜਾਈਆ । ਇਕੋ ਮੰਨ ਸਚ ਰਜ਼ਾ, ਹੁਕਮ ਹੱਕ ਸੁਣਾਈਆ । ਤੂੰ ਮੇਰਾ ਮੈਂ ਤੇਰਾ ਸੋਹੰ ਢੋਲਾ ਲੈਣਾ ਗਾ, ਅੰਤਰ ਆਤਮ ਵੱਜੇ ਨਾਮ ਵਧਾਈਆ । ਨਾਤਾ ਜੁੜੇ ਬੇਪਰਵਾਹ, ਬੇਪਰਵਾਹੀ ਵਿਚ ਰਖਾਈਆ । ਬਿਨਾਂ ਦਵਾ ਦਾਰੂ ਤੋਂ ਹੋਵੇ ਸ਼ਖਾ, ਮਰੀਜ ਮਰਜੀ ਦੇਵੇ ਗਵਾਈਆ । ਜੋ ਕੋਈ ਤਬੀਦ ਬਿਨਾਂ ਪੁੱਛਿਆਂ ਦੱਸਿਆਂ ਘਰ ਜਾਵੇ ਆ, ਉਸ ਦਾ ਨੁਸਖਾ ਲਓ ਅਜਮਾਈਆ । ਬਿਨ ਰਸਨਾ ਜੇਹਵਾ ਬੱਤੀ ਦੰਦ ਲੈਣਾ ਖਾ, ਹਿਰਦੇ ਅੰਦਰ ਧਿਆਨ ਲਗਾਈਆ । ਰੋਗਾਂ ਦਾ ਰੋਗ ਸੋਗਾਂ ਦਾ ਸੋਗ ਸਹਿਜ ਸੁਭਾ ਦੇਵੇ ਗਵਾ, ਕੀਮਤ ਟੱਕਿਆਂ ਪੈਸਿਆਂ ਵਾਲੀ ਨਾ ਕੋਇ ਰਖਾਈਆ ।

੩੨

ਜਿਸ ਉਤੇ ਕਿਰਪਾ ਹੋ ਜਾਏ ਉਹਨੂੰ ਪਏ ਨਾ ਫੇਰ ਇਹ ਵਬਾ, ਜਿਸ ਨਾਲ ਖ਼ੂਨ ਚਲੇ ਵਾਹੋ ਦਾਹੀਆ । ਹੁਣ ਅੱਗੇ ਬਹੁਤੀ ਭੁਗਤਣੀ ਨਹੀਂ ਪੈਂਦੀ ਸਜਾ, ਦੁੱਖ ਸੁੱਖ ਵਿਚ ਬਦਲਾਈਆ । ਅੰਦਰੋਂ ਬਦਲ ਦੇਵੇ ਆਬੋ ਹਵਾ, ਪਵਣ ਪਵਣ ਸਵਾਸਾਂ ਨਾਲ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਜਗਤ ਬੀਮਾਰੀ ਕੂੜੀ ਬਾਹਰ ਕਢਾਈਆ ।

ਸਭ ਤੋਂ ਵੱਡੀ ਮਾਨਵ ਸੇਵਾ ਜਾਇਦਾਦ, ਜਗਤ ਜਹਾਨ ਨਜ਼ਰੀ ਆਈਆ । ਜਿਸ ਨੂੰ ਜਬਤ ਕਰਨ ਵਾਸਤੇ ਕੋਈ ਕਾਨੂੰਨ ਕਾਇਦਾ ਨਹੀਂ ਆਹਿਦ, ਖ਼ੁਰਦ ਬੁਰਦ ਨਾ ਕੋਇ ਕਰਾਈਆ । ਜਿਸ ਵਿਚ ਨੁਕਸਾਨ ਨਹੀਂ ਹੋਵੇ ਬਹੁਤਾ ਫਾਇਦ, ਫੈਸਲਾ ਜਰਮਨ ਦਾ ਹੱਕ ਵਖਾਈਆ । ਪ੍ਰੇਮ ਨਾਲੋਂ ਹੋਰ ਕਿਹੜੀ ਚੰਗੀ ਕਡਾਇਤ, ਰਵਾਇਤ ਨਜ਼ਰ ਕੋਇ ਨਾ ਆਈਆ । ਹੰਕਾਰੀਆਂ ਨੂੰ ਕਰਨੀ ਹਦਾਇਤ, ਦੁਖੀਆਂ ਦੀ ਕਰਨੀ ਹਮਾਇਤ, ਸ਼ਰੀਆਂ ਨੂੰ ਦੱਸਣੀ ਸ਼ਰਾਇਤ, ਦੀਨਾਂ ਮਜ਼੍ਹਬਾਂ ਜੋੜ ਜੁੜਾਈਆ । ਮਜ਼ਲੂਮਾਂ ਦੀ ਪੂਰੀ ਕਰਨੀ ਖਾਹਿਸ਼, ਮਾਸੂਮਾਂ ਦੀ ਕਰਨੀ ਤਲਾਸ਼, ਚਾਰ ਵਰਨਾਂ ਦੀ ਇਕ ਥਾਂ ਕਰਨੀ ਰਿਹਾਇਸ਼, ਮੁਹੱਬਤ ਵਿਚ ਕਰਨੀ ਪੈਮਾਇਸ਼, ਪੂਰਬ ਏਸ਼ੀਆ ਇਕੋ ਰੰਗ ਰੰਗਾਈਆ । ਸਚ ਦੀ ਲਗੌਣੀ ਨਮਾਇਸ਼, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਵਿਅਕਤੀ ਜੁਗ ਜੁਗ ਹੁਕਮੇਂ ਅੰਦਰ ਆਪਣਾ ਹੁਕਮ ਮਨਾਈਆ ।

ਜਗਤ ਜਾਇਦਾਦ ਬੁਧੀ, ਧੰਨ ਦੌਲਤ ਜਗਤ ਨਾਲ ਵਡਿਆਈਆ । ਪ੍ਰੇਮ ਭਾਵਨਾ ਵਿਸ਼ਵ ਸੇਵਾ ਸਭ ਤੋਂ ਅਗੰਮੀ, ਜਿਸ ਦੀ ਕੀਮਤ ਨਾ ਕੋਇ ਚੁਕਾਈਆ । ਸਾਚੀ ਜਾਇਦਾਦ ਬੈਰਨ ਸਾਹਿਬ ਤੁਹਾਡੀ ਸਾਢੇ ਤਿੰਨ ਹੱਥ ਕੁਲੀ, ਜਿਸ ਵਿਚ ਪ੍ਰੇਮ ਪਿਆਰ ਅਨਮੁਲ ਹੀਰਾ ਰਤਨ ਦਿੱਤਾ ਟਿਕਾਈਆ । ਚਾਰ ਕੁੰਟ ਦਹਿ ਦਿਸ਼ਾ ਸੱਤ ਦੀਪ ਨੌਂ ਖੰਡ ਤੁਹਾਡੀ ਜਾਇਦਾਦ ਖੁਲ੍ਹੀ, ਏਥੇ ਵੇਖੋ ਜਾਇਦਾਦਾਂ ਦੇ ਮਾਲਕ ਤੁਹਾਡੇ ਸੱਜਣ ਨਜ਼ਰੀ ਆਈਆ । ਪ੍ਰੇਮ ਭਾਵਨਾ ਕੋਈ ਨਹੀਂ ਬੁਰੀ, ਸੰਸਾਰ ਨੂੰ ਛੁਡੌਣਾ ਕੋਲੋਂ ਕਸਾਈਆਂ ਵਾਲੀ ਛੁਰੀ, ਜੋ ਮਾਨਵ ਮਾਨਵ ਉਪਰ ਚਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਅਗਲਾ ਲੇਖਾ ਦਏ ਜਣਾਈਆ । (੫ ਵਸਾਖ ਸ਼ ਸੰ ੧ ਆਰ ਐਲ ਸ਼ਰਮਾ)

★ ★ ★ ★ ★

★ ★ ★ ★ ★

ਜਨ ਭਗਤੋ ਕੋਈ ਨਾ ਕਿਹੋ ਅਸੀਂ ਵਾਢੀ ਨਾਲ ਕੀਤੀ ਦਾਤੀ, ਬਲ ਬਾਹਵਾਂ ਵਾਲਾ ਵਖਾਈਆ । ਤੁਹਾਡੇ ਪਿਛੇ ਸਚਖੰਡ ਵਿਚ ਖੇਲ ਕੀਤਾ ਰਾਤੀਂ, ਗੁਰ ਅਵਤਾਰ ਪੈਗ਼ੰਬਰ ਇਕੱਠੇ ਕਰ ਕੇ ਸਭ ਨੂੰ ਦਿਤਾ ਵਖਾਈਆ । ਜਰਾ ਵੇਖੋ ਮਾਰ ਕੇ ਝਾਤੀ, ਬੇਦਾਅਵਿਆਂ ਦੇ ਹਾਵੇ ਦਿਤੇ ਗਵਾਈਆ । ਮੇਰੀ ਲੇਟੇ ਉਤੇ ਛਾਤੀ, ਬੱਚਿਆਂ ਨਾਲੋਂ ਬੱਚੇ ਪਿਆਰੇ ਲਏ ਬਣਾਈਆ । ਮੇਰੀ ਅੱਜ ਦੀ ਨਹੀਂ ਕੋਈ ਬਾਤੀ, ਜੁਗ ਚੌਕੜੀ ਚਲੀ ਆਈਆ । ਤੁਹਾਡੀ ਮੰਜ਼ਲ ਪਾਰ ਕਰ ਦਿਤੀ ਘਾਟੀ, ਘਾਟਾ ਏਥੇ ਓਥੇ ਦੋ ਜਹਾਨ ਰਹੇ ਨਾ ਰਾਈਆ । ਤੁਹਾਡੀ ਮੰਜ਼ਲ ਮੁੱਕੀ ਵਾਟੀ, ਸਚਖੰਡ ਦਵਾਰਾ ਦਿਆਂ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਦੇਵਣਹਾਰ ਵਡਿਆਈਆ ।

(੧੩ ਵਸਾਖ ਸ਼ ਸੰ ੨)

★ ★ ★ ★ ★
★ ★ ★ ★ ★

ਸਚ ਬੇਨੰਤੀ ਕਹੇ, ਮੈਂ ਚਿੜੀਆ ਇਕ ਮਰੀ, ਮੁਰੀਦੋ ਮੁਰਸ਼ਦ ਦਾ ਭੇਵ ਖੁਲ੍ਹਾਈਆ । ਸਭ ਨਾਲੋਂ ਪਹਿਲੋਂ ਮੈਨੂੰ ਮਿਲਿਆ ਹਰੀ, ਜਿਸ ਹਰੀ ਦੁਵਾਰੇ ਦਿੱਤਾ ਪੁਚਾਈਆ । ਜਿਸ ਬੁੱਢੀ ਦੀ ਅੱਜ ਬੇਨੰਤੀ ਸੀ ਬੜੀ, ਉਸ ਦੇ ਪਿੱਛੇ ਮੈਂ ਹੱਥ ਔਣਾ ਸੀ ਜੀਉਂਦੀ, ਪਰ ਓਸ ਦੇ ਪਿੱਛੇ ਮਰ ਕੇ ਆਪਣੀ ਸੇਵਾ ਲਈ ਕਮਾਈਆ । ਸਤਿਗੁਰ ਸ਼ਬਦ ਹੁੰਦਾ ਨਹੀਂ ਘੜੀ ਘੜੀ, ਮਿਹਰ ਨਾਲ ਜੁਗ ਜੁਗ ਪਾਰ ਕਰਾਈਆ । ਮੈਂ ਰਾਤ ਦੀ ਤਪਦੀ ਸਾਂ ਬੜੀ, ਕਿਹੜਾ ਵੇਲਾ ਆਵੇ ਘੜੀ, ਮੇਰਾ ਲੇਖਾ ਲੱਗੇ ਜ਼ਰੀ ਜ਼ਰੀ, ਆਪ ਆਪਣਾ ਭੇਟਾ ਦਿਆਂ ਕਰਾਈਆ । ਕਿਉਂ ਮੈਂ ਗੋਬਿੰਦ ਵੇਲੇ ਇਕ ਵਾਰ ਓਸ ਦੇ ਬਾਜ਼ ਤੋਂ ਸਾਂ ਡਰੀ, ਚਰਨਾਂ ਵਿਚ ਆਣ ਕੇ ਆਪਣੀ ਜਾਨ ਬਚਾਈਆ । ਸੀਸ ਨਿਵਾ ਕੇ ਕਿਹਾ ਗੋਬਿੰਦ ਜੇ ਕਿਤੇ ਮੈਨੂੰ ਵੀ ਨਾਲ ਮਿਲਾਏਂ ਗੁਰਮੁਖਾਂ ਦੀ ਲੜੀ, ਕੰਨੀ ਕੰਨੀ ਨਾਲ ਬੰਧਾਈਆ । ਗੋਬਿੰਦ ਨੇ ਓਸੇ ਵੇਲੇ ਕਿਰਪਾ ਕਰੀ, ਮਿਹਰ ਨਜ਼ਰ ਉਠਾਈਆ । ਜਿਸ ਵੇਲੇ ਮੇਰੇ ਪੁਰਖ ਅਕਾਲ ਨੇ ਲਾਈ ਪ੍ਰੇਮ ਵਾਲੀ ਝੜੀ, ਤੇਰਾ ਨਾਤਾ ਲਵਾਂ ਜੁੜਾਈਆ । ਜੇ ਤੂੰ ਮਿੱਟੀ ਤੇ ਸੌਂਦੀ ਮਿੱਟੀ ਤੇ ਬਹਿੰਦੀ ਤੈਨੂੰ ਭਗਤਾਂ ਵਿਚ ਬਿਠਾ ਦੇਵਾਂ ਉਤੇ ਦਰੀ, ਬਿਨ ਕੀਮਤ ਤੋਂ ਤੇਰੀ ਕੀਮਤ ਦੇਵਾਂ ਪਾਈਆ । ਤੇਰੇ ਉਤੇ ਓਢਣ ਪਰਦਾ ਦੇਵਾਂ ਆਪਣਾ ਜ਼ਰੀ, ਜ਼ਾਹਰ ਜ਼ਹੂਰ ਹੋ ਕੇ ਪਰਦਾ ਦਿਆਂ ਚੁਕਾਈਆ । ਡਰਨ ਵਾਲਿਆਂ ਨੇ ਵੜ ਜਾਣਾ ਆਪਣੇ ਘਰੀਂ, ਤੂੰ ਸਚਖੰਡ ਡੇਰਾ ਲਾਈਆ । ਤੇਰੇ ਪਿਆਰ ਵਿਚ ਇਕ ਗੁੜ ਦੀ ਭੇਲੀ ਫੜੀ, ਤੇਰੀ ਕੁਰਬਾਨੀ ਦੀ ਮਹਿਮਾਨੀ ਭਗਤਾਂ ਦੇਣੀ ਖੁਵਾਈਆ । ਤੂੰ ਅਜੇ ਨਾ ਵਿਆਹੀ ਕਰਮ ਕਾਂਡ ਦੀ ਛੜੀ, ਇਕ ਨਾਲੋਂ ਵਿਛੜੀ ਤੇ ਇਕ ਨਾਲ ਜੁੜਾਈਆ । ਵੇਖਿਓ ਭਗਤੋ ਕੋਈ ਹੰਕਾਰ ਨਾਲ ਮਾਰਿਓ ਨਾ ਤੜੀ, ਪਰਮ ਪੁਰਖ ਪਰਮਾਤਮ ਲੱਖ ਚੁਰਾਸੀ ਜੀਵ ਜੰਤ ਦਾ ਮਾਲਕ ਨਜ਼ਰੀ ਆਈਆ । ਜਿਸ ਨੇ ਸੇਵਾ ਕਰੀ, ਓਸੇ ਦੇ ਲੇਖੇ ਪੜੀ, ਦੇਵਣਹਾਰ ਸਰਬ ਵਡਿਆਈਆ । ਤੁਹਾਡੇ ਵੇਂਹਦਿਆਂ ਬਿਨਾ ਬਬਾਣੋ ਮੰਜ਼ਲ ਚੜ੍ਹੀ, ਦਰ ਸਾਚੇ ਡੇਰਾ ਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣੀ ਕਾਰ ਕਮਾਈਆ । (੧੮ ਫੱਗਣ ਸ਼ ਸ ੪)

★ ★ ★ ★ ★
★ ★ ★ ★ ★

ਨਾਰਦ ਕਹੇ ਪ੍ਰਭ ਬਰਸ ਦੇ ਅੰਮ੍ਰਿਤ ਮੇਹੋਂ, ਅਗੰਮੀ ਧਾਰ ਵਹਾਈਆ । ਆਤਮ ਪਰਮਾਤਮ ਬਣਾ ਨੇਹੋਂ, ਭਗਤ ਭਗਵਾਨ ਮਿਲ ਕੇ ਵੱਜੇ ਵਧਾਈਆ । ਝਗੜਾ ਮੁਕਾ ਦੇ ਸਾਢੇ ਤਿੰਨ ਹੱਥ ਸੇਉਂ, ਸੀਆਂ ਕੰਮ ਕਿਸੇ ਨਾ ਆਈਆ । ਮਿਹਰਵਾਨ ਮਹਿਬੂਬ ਸਚ ਖ਼ੁਦਾ ਦੇਉ, ਦੇਵਤ ਸੁਰ ਸੀਸ ਨਿਵਾਈਆ । ਆਦਿ ਜੁਗਾਦਿ ਜੁਗ ਚੌਕੜੀ ਏਕਾ ਦੇਵੀ ਦੇਉ, ਦੂਜਾ ਨਜ਼ਰ ਕੋਇ ਨਾ ਆਈਆ । ਮੈਂ ਹੈਰਾਨ ਹੋ ਗਿਆ ਤੂੰ ਸਭ ਦਾ ਇਕੋ ਪਿਓ, ਪਿਤਾ ਪੁਰਖ ਅਕਾਲ ਤੇਰੀ ਸ਼ਰਨਾਈਆ । ਤੇਰੇ ਭਗਤ ਤੇਰੀ ਸੰਗਤ ਖਾਤਰ ਸਚ ਪਿਆਰ ਦਾ ਕੱਟਣ ਗੇਹੂੰ, ਗੰਦਮ ਤੇਰਾ ਨਾਮ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਕਰਨੀ ਕਾਰ ਕਮਾਈਆ ।

ਨਾਰਦ ਕਹੇ ਮੈਂ ਵੇਖਦਾ ਰਿਹਾ ਜੋਸ਼, ਜੋਸ਼ੀਲੇ ਗੁਰਮੁਖ ਨਜ਼ਰੀ ਆਈਆ । ਮੈਨੂੰ ਆਪਣੀ

ਭੁੱਲ ਗਈ ਹੋਸ਼, ਮੇਰੀ ਚਲੀ ਨਾ ਕੋਇ ਚਤੁਰਾਈਆ । ਮੈਂ ਤਿੰਨ ਵਾਰੀ ਹੋ ਕੇ ਅਲੋਪ, ਪ੍ਰਭ ਚਰਨਾਂ ਸੀਸ ਨਿਵਾਈਆ । ਫੇਰ ਵੇਖੇ ਜਾ ਕੇ ਹਜ਼ਰਤ ਈਸਾ ਵਾਲੇ ਪੋਪ, ਚਰਚਾਂ ਵਿਚ ਜਾ ਕੇ ਧਿਆਨ ਲਗਾਈਆ । ਫੇਰ ਮੁੱਲਾਂ ਸ਼ੇਖ਼ਾਂ ਕੀਤੀ ਖੋਜ, ਮੁਸਾਇਕਾਂ ਫੋਲ ਫੁਲਾਈਆ । ਫੇਰ ਗੁੰਥੀ ਤੱਕੇ ਨਾਲ ਚੋਜ, ਮਾਇਆ ਮਮਤਾ ਵਿਚ ਹਲਕਾਈਆ । ਜਾਂ ਭਗਤਾਂ ਕੋਲ ਆਇਆ ਓਨ੍ਹਾਂ ਮੈਨੂੰ ਕਿਹਾ ਕਣਕ ਵੱਢਣੀ ਸਾਡਾ ਜੋਗ, ਇਸ ਤੋਂ ਵੱਡੀ ਭਗਤੀ ਨਜ਼ਰ ਕੋਇ ਨਾ ਆਈਆ । ਜਿਸ ਨੂੰ ਭਗਤ ਭਗਵਾਨ ਦਾ ਮਿਲ ਕੇ ਲਗਦਾ ਅੰਮ੍ਰਿਤ ਭੋਗ, ਮਾਸ ਬਰਖ ਦਿਵਸ ਆਪਣੀ ਖ਼ੁਸ਼ੀ ਮਨਾਈਆ । ਰਸਨਾ ਸੁਣਿਆ ਇਕ ਸਲੋਕ, ਤੂੰ ਮੇਰਾ ਮੈਂ ਤੇਰਾ ਢੋਲਾ ਅਗੰਮ ਅਥਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਮਿਹਰ ਨਜ਼ਰ ਇਕ ਉਠਾਈਆ । (੧੦ ਵਸਾਖ ਸ਼ ਸ ੫)

★ ★ ★ ★ ★
★ ★ ★ ★ ★

ਕਰਨੀ ਕਹੇ ਮੇਰੀ ਜੁਗ ਜੁਗ ਕਾਰ, ਅਵਤਾਰ ਪੈਗੰਬਰ ਗੁਰ ਗਏ ਸਮਝਾਈਆ । ਪ੍ਰਭ ਨੇ ਵੱਖਰੀ ਬੱਧੀ ਧਾਰ, ਕਲਜੁਗ ਰੀਤੀ ਦਿਤੀ ਉਲਟਾਈਆ । ਜਨ ਭਗਤਾਂ ਦੇ ਅਧਾਰ, ਸਿਰ ਆਪਣਾ ਹੱਥ ਰਖਾਈਆ । ਜੋ ਪ੍ਰੇਮ ਨਾਲ ਕਰੇ ਇਕ ਵਾਰ ਨਿਮਸਕਾਰ, ਕੋਟ ਜਨਮ ਦਾ ਕਰਮ ਦਏ ਗਵਾਈਆ । ਜਿਨ੍ਹਾਂ ਸੇਵਾ ਕੀਤੀ ਅਪਰ ਅਪਾਰ, ਦਿਵਸ ਰੈਣ ਭੱਜੇ ਵਾਹੋ ਦਾਹੀਆ । ਸਤਿਗੁਰੂ ਭੰਡਾਰਾ ਭਗਤਾਂ ਦਾ ਭੰਡਾਰ, ਵਸਤ ਗੁਰਮੁਖਾਂ ਨਜ਼ਰੀ ਆਈਆ । ਗੁਰਸਿਖੋ ਸਭ ਦੇ ਅੰਤਰ ਬਖ਼ਸ਼ਾਂ ਉਹ ਪਿਆਰ, ਜਿਸ ਪ੍ਰੇਮ ਪ੍ਰੀਤੀ ਨੂੰ ਕਬੀਰ ਜੁਲਾਹਾ ਗਿਆ ਸਮਝਾਈਆ । ਤੁਹਾਡਾ ਚਾਰ ਦਿਨ ਦਾ ਵਿਹਾਰ, ਚੌਥੇ ਜੁਗ ਤੋਂ ਖਹਿੜਾ ਦਏ ਛੁਡਾਈਆ । ਤੁਹਾਡੇ ਅੰਦਰ ਦੀ ਸਿਤਾਰ, ਪ੍ਰੇਮ ਪ੍ਰੀਤੀ ਵਿਚ ਵਜਾਈਆ । ਜੇਹੜਾ ਸੀਸ ਤੇ ਚੁੱਕਿਆ ਭਾਰ, ਕੁਕਰਮ ਦੀ ਗਠੜੀ ਦਿਤੀ ਸੁਟਾਈਆ । ਬੁੱਢੇ ਨੱਢੇ ਵੱਡੇ ਛੋਟੇ ਨੌਜੁਵਾਨ ਦੇਵੇ ਤਾਰ, ਇਸਤਰੀ ਪੁਰਸ਼ ਵੰਡ ਨਾ ਕੋਇ ਵੰਡਾਈਆ । ਤੁਸੀਂ ਮੇਰੇ ਮੈਂ ਤੁਹਾਡਾ ਦੋਹਾਂ ਦਾ ਇਕੋ ਘਰ ਬਾਹਰ, ਭਗਤ ਦੁਵਾਰਾ ਇਕੋ ਸੋਭਾ ਪਾਈਆ । ਖ਼ੁਸ਼ੀ ਨਾਲ ਸਭ ਨੇ ਪੰਜ ਵਾਰ ਬੋਲਣਾ ਜੈਕਾਰ, ਸੋਹੰ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਦੀ ਜੈ ਬੁਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਭ ਨੂੰ ਪ੍ਰੇਮ ਪ੍ਰੀਤੀ ਵਿਚ ਕਰੇ ਤਿਆਰ, ਗੁਰਮੁਖਾਂ ਘਰ ਜਾਣਾ ਚਾਈਂ ਚਾਈਂਆ । (੧੫ ਵਸਾਖ ਸ਼ ਸ ੬)

ਵਿਸਾਖ ਕਹੇ ਮੈਂ ਵੇਖੀ ਅਗੰਮੀ ਹਸਤੀ, ਜੋ ਹਸਤ ਕੀਟਾਂ ਵਿਚ ਸਮਾਈਆ । ਜਿਸ ਦੀ ਭਗਤ ਪਿਆਰ ਬਸਤੀ, ਨਗਰ ਖੇੜਾ ਆਪ ਸੁਹਾਈਆ । ਆਤਮ ਧਾਰ ਉਸ ਦੀ ਵਸਦੀ, ਵਸੇ ਚਾਈਂ ਚਾਈਂਆ । ਸਤਿਗੁਰ ਦਰਸ ਨੂੰ ਸਦਾ ਨੱਸਦੀ, ਭੱਜੇ ਵਾਹੋ ਦਾਹੀਆ । ਉਹ ਮੇਲਣ ਨਿਜ ਨੇਤਰ ਲੋਚਣ ਅੱਖ ਦੀ, ਨੈਣ ਕਵਲ ਨੈਣ ਨਾਲ ਮਿਲਾਈਆ । ਪ੍ਰੀਆ ਪ੍ਰੀਤਮ ਪਿਆਰ ਵਿਚ ਹੱਸਦੀ, ਹੰਸ ਮੁਖ ਸੋਹੰ ਹੰਸਾ ਰੂਪ ਬਣਾਈਆ । ਧਾਰ ਲਵੇ ਅੰਮ੍ਰਿਤ ਨਿਝਰ ਰਸ ਦੀ, ਜਗਤ ਰਸਨਾ ਰਸ ਤਜਾਈਆ । ਖੇਲ ਤੱਕੇ ਪੁਰਖ ਅਲੱਖ ਦੀ, ਅਲਖ ਅਗੋਚਰ ਜੋ ਦ੍ਰਿੜਾਈਆ । ਪ੍ਰੀਤੀ ਪਿਆਰ ਬੰਧਾਏ ਨਤ ਦੀ, ਚਰਨ ਕਵਲ ਕਵਲ ਸਰਨਾਈਆ । ਤ੍ਰਿਸ਼ਨਾ ਪੂਰੀ ਕਰੇ ਪੰਜ ਤੱਤ ਦੀ, ਸਨਮੁਖ ਸਤਿਗੁਰ ਦਰਸ਼ਨ ਪਾਈਆ । ਆਸ਼ਾ ਰਹੇ ਨਾ ਮਨਮਤ ਦੀ, ਗੁਰਮਤ ਮੇਲਾ ਸਹਿਜ ਸੁਭਾਈਆ । ਇਹ ਖੇਲ ਪਰਮੇਸ਼ਵਰ ਪਤਿ ਦੀ, ਪਾਰਬ੍ਰਹਮ ਜੋ ਨੂਰ ਇਲਾਹੀਆ । ਜਿਸ ਦੀ ਕਲਾ ਕਲਜੁਗ ਧਾਰ ਅੰਤਮ ਜੱਟ ਦੀ, ਕਿਰਸਾਣਾ ਆਪਣੀ ਕਿਰਸ ਕਮਾਈਆ । ਉਹਦੀ ਜੋਤ ਪਰਕਾਸ਼ ਲਟ ਲਟ ਦੀ, ਨੂਰ ਨੁਰਾਨਾ ਡਗਮਗਾਈਆ । ਉਹਦੀ ਵਸਤੀ

ਸ਼ਬਦੀ ਧੁਰ ਦੇ ਹੱਟ ਦੀ, ਹਟਵਾਣਾ ਇਕੋ ਇਕ ਅਖਵਾਈਆ । ਜਿਸ ਦੀ ਯਾਦ ਵਿਚ ਜਨ ਭਗਤਾਂ ਤ੍ਰਿਸ਼ਨਾ ਨੱਠਦੀ, ਭੱਜੇ ਵਾਹੋ ਦਾਹੀਆ । ਖ਼ੁਸ਼ੀ ਤੱਕੇ ਵਿਸਾਖ ਅੱਠ ਦੀ, ਅੱਠਾਂ ਤੱਤਾਂ ਵੱਜੇ ਵਧਾਈਆ । ਜਨ ਭਗਤੋ ਤੁਹਾਡੀ ਮਿਲਣੀ ਪ੍ਰਭੂ ਪਿਆਰ ਇਕੱਠ ਦੀ, ਇਕੱਠਿਆਂ ਸਭ ਦਾ ਲੇਖਾ ਪੂਰ ਕਰਾਈਆ । ਜਨਮ ਜਨਮ ਦੀ ਮੈਲ ਸਤਿਗੁਰ ਸੇਵਾ ਵਿਚ ਲੱਥਦੀ, ਕਰਮ ਕਰਮ ਦਾ ਪੰਧ ਮੁਕਾਈਆ । ਕਲਜੁਗ ਅੰਤਮ ਇਹ ਭਗਤੀ ਰੱਖੀ ਹੱਕ ਦੀ, ਕੰਮ ਕਾਜ ਕਰਦਿਆਂ ਪਾਰ ਕਰਾਈਆ । ਤੁਹਾਡੀ ਲਾਜ ਰੱਖਣੀ ਦੋ ਜਹਾਨ ਨੱਕ ਦੀ, ਜਗਤ ਨਿਸ਼ਾਨੇ ਨਾਲ ਝੁਲਾਈਆ । ਤੁਹਾਡੀ ਲੇਖੇ ਲਾਉਣੀ ਇਕ ਇਕ ਬੂੰਦ ਰੱਤ ਦੀ, ਜੋ ਬਿਰਧ ਬਾਲ ਜਵਾਨ ਪਸੀਨਾ ਰਹੇ ਵਗਾਈਆ । ਇਸ ਤੋਂ ਪਰੇ ਹੋਰ ਖੇਲ ਨਹੀਂ ਕੋਈ ਤਪ ਦੀ, ਜਗਤ ਤਪੀਸ਼ਰ ਹੱਥ ਕਦੇ ਨਾ ਆਈਆ । ਜਨ ਭਗਤੋ ਤੁਹਾਡੇ ਕਰਮਾਂ ਦੀ ਫਸਲ ਪਕਦੀ, ਕੁਕਰਮਾਂ ਦਾ ਲੇਖਾ ਦਏ ਮੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਧਾਰ ਇਕ ਪੁਰਖ ਸਮਰੱਥ ਦੀ, ਸਮਰੱਥ ਆਪਣੀ ਦਇਆ ਕਮਾਈਆ । (੮ ਵਸਾਖ ਸ਼ ਸ ੮)

★ ★ ★ ★ ★
★ ★ ★ ★ ★

ਜਨ ਭਗਤ ਕਹਿਣ ਸਾਡੇ ਅੰਤਰ ਅਗੰਮ ਵਿਚਾਰ, ਬੁੱਧੀ ਸਮਝ ਕੋਇ ਨਾ ਪਾਈਆ । ਪਿੱਛੇ ਬੀਤੇ ਜੁਗ ਚਾਰ, ਕਲਜੁਗ ਚੌਥਾ ਦਏ ਦੁਹਾਈਆ । ਕੀ ਭਗਤਾਂ ਖੇਲ ਕਰਦਾ ਰਿਹਾ ਕਰਤਾਰ, ਕੁਦਰਤ ਦਾ ਕਰਤਾ ਆਪਣੀ ਕਾਰ ਕਮਾਈਆ । ਜਗਤ ਤਸੀਹੇ ਦੇ ਵਿਚ ਸੰਸਾਰ, ਮਾਰਗ ਭਗਤੀ ਵਾਲਾ ਜਣਾਈਆ । ਕਲਜੁਗ ਅੰਤਮ ਕਿਰਪਾ ਕਰ ਅਪਾਰ, ਅਪਰੰਪਰ ਆਪਣੀ ਦਇਆ ਕਮਾਈਆ । ਫੜ ਫੜ ਬਾਹੋਂ ਦਏ ਤਾਰ, ਤਾਰਨਹਾਰ ਇਕ ਅਖਵਾਈਆ । ਸਾਚੀ ਭਗਤੀ ਸਤਿਗੁਰ ਹੁਕਮ ਦੀ ਕਾਰ, ਜਗਤ ਮਾਲਾ ਦੀ ਲੋੜ ਰਹੇ ਨਾ ਰਾਈਆ । ਗੁਰਮੁਖ ਸੂਰਬੀਰ ਬਣਾ ਹੁਸ਼ਿਆਰ, ਜੋਧਾ ਆਪਣਾ ਮੇਲਾ ਲਏ ਮਿਲਾਈਆ । ਸੰਤ ਸੁਹੇਲੇ ਬਣਾ ਬਰਖ਼ੁਰਦਾਰ, ਬਰਖ਼ੁਰਦਾਰੀ ਵਿਚ ਵੇਖ ਵਖਾਈਆ । ਪੂਰਬ ਜਨਮ ਦਾ ਲਹਿਣਾ ਦਏ ਉਧਾਰ, ਕਰਜ਼ਾ ਮਕਰੂਜ਼ ਆਪ ਚੁਕਾਈਆ । ਸੇਵਾ ਵਿਚ ਸੇਵਾ ਕਰਨ ਸੇਵਾਦਾਰ, ਸੇਵਾ ਸਤਿਗੁਰ ਸਤਿਗੁਰ ਸਾਚੇ ਭਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਮਾਲਕ ਇਕ ਅਖਵਾਈਆ । (੧੮ ਫੱਗਣ ਸ਼ ਸੰ ੮)

★ ★ ★ ★ ★
★ ★ ★ ★ ★

ਧਰਨੀ ਕਹੇ ਮੇਰਾ ਖ਼ੁਸ਼ੀਆਂ ਵਾਲਾ ਸਤਾਰਾਂ ਵਿਸਾਖ ਪ੍ਰਵਿਸ਼ਟਾ, ਪਰਮ ਪੁਰਖ ਦਿਆਂ ਜਣਾਈਆ । ਤੇਰੇ ਭਗਤਾਂ ਦੀ ਪਿਆਰ ਵਿਚ ਖੁਲ੍ਹੀ ਦਿਸੇ ਦ੍ਰਿਸ਼ਟਾ, ਦ੍ਰਿਸ਼ਟੀ ਤੇਰੇ ਵਿਚ ਸਮਾਈਆ । ਜਿਨ੍ਹਾਂ ਦਾ ਆਤਮ ਪਰਮਾਤਮ ਧਾਰ ਨਿਰਗੁਣ ਨਿਰਗੁਣ ਨਿਸਚਾ, ਨਿਹਚਲ ਧਾਮ ਬਹਿ ਕੇ ਤੇਰਾ ਦਰਸ਼ਨ ਪਾਈਆ । ਓਹ ਰੂਪ ਬਣ ਗਏ ਸਾਚੇ ਗੁਰਸਿਖ ਦਾ, ਗੁਰਮੁਖ ਹੋ ਕੇ ਗੁਰ ਗੁਰ ਸੇਵ ਕਮਾਈਆ । ਸਚ ਪਿਆਰ ਕਰਨ ਏਕੰਕਾਰ ਇਕ ਦਾ, ਇਕ ਇਕੱਲੇ ਤੇਰੀ ਓਟ ਤਕਾਈਆ । ਝਗੜਾ ਛੱਡ ਕੇ ਪੱਥਰ ਇੱਟ ਦਾ , ਪਾਹਿਨਾ ਪੰਧ ਮੁਕਾਈਆ । ਇਕੋ ਸਹਾਰਾ ਲੈ ਕੇ ਪਰਮੇਸ਼ਵਰ ਪਿਤ ਦਾ, ਪਾਰਬ੍ਰਹਮ ਪ੍ਰਭ ਦਰ ਤੇਰੇ ਅਲਖ ਜਗਾਈਆ । ਤੂੰ ਸਤਿਜੁਗ ਤਰੇਤਾ ਦੁਆਪਰ ਜੁਗ ਜੁਗ ਜਨ ਭਗਤਾਂ ਲੇਖਾ ਆਇਉਂ ਲਿਖਦਾ, ਕਲਜੁਗ ਅੰਤ ਦੇ ਵਡਿਆਈਆ । ਸਚ ਪਿਆਰ ਬਖ਼ਸ਼ ਅੰਤਰ ਹਿਤ ਦਾ, ਹਿਤਕਾਰੀ ਹੋ ਕੇ ਵੇਖ ਵਿਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਤੇਰੀ ਸ਼ਰਨਾਈਆ ।

ਧਰਨੀ ਕਹੇ ਮੇਰੇ ਉਤੇ ਤੇਰੇ ਭਗਤ ਸੁਹੇਲੇ ਟੱਪਦੇ, ਖੁਸ਼ੀਆਂ ਵਿਚ ਭੱਜਣ ਵਾਹੋ ਦਾਹੀਆ । ਅੰਤਰ ਤੂੰ ਮੇਰਾ ਮੈਂ ਤੇਰਾ ਨਾਮ ਜਪਦੇ, ਸੋਹੰ ਢੋਲਾ ਅਗੰਮ ਅਥਾਹੀਆ । ਸਚ ਪਿਆਰ ਵਿਚ ਆਪਣਾ ਅੰਤਰ ਰਤਦੇ, ਰਤਨ ਅਮੋਲਕ ਹੀਰੇ ਨਜ਼ਰੀ ਆਈਆ । ਉਹ ਵਣਜਾਰੇ ਤੇਰੇ ਆਤਮ ਬ੍ਰਹਮ ਤੱਤ ਦੇ, ਤਤਵ ਤੱਤ ਆਪਣਾ ਲੇਖਾ ਦੇਣਾ ਵਖਾਈਆ । ਉਹ ਵਣਜਾਰੇ ਨਹੀਂ ਕੂੜੀ ਮਤ ਦੇ, ਬੁਧ ਬਿਬੇਕ ਦੇਣੀ ਕਰਾਈਆ । ਕਲਜੁਗ ਅਗਨ ਵਿਚ ਫਿਰਨ ਨਾ ਤਪਦੇ, ਸਾਂਤਕ ਸਤਿ ਸਤਿ ਦੇਣਾ ਕਰਾਈਆ । ਤੇਰੇ ਨਾਤੇ ਹੋ ਜਾਣ ਪਕ ਦੇ, ਜਗਤ ਜਹਾਨ ਨਾ ਕੋਇ ਤੁੜਾਈਆ । ਗੁਰਮੁਖ ਭਗਤ ਸੁਹੇਲੇ ਸੇਵਾ ਕਰਦੇ ਕਦੀ ਨਾ ਥੱਕਦੇ, ਥਕਾਵਟ ਵਿਚ ਕਦੀ ਨਾ ਆਈਆ । ਉਹ ਵਣਜਾਰੇ ਤੇਰੇ ਘਰ ਵਿਚ ਹੋ ਗਏ ਹੱਕ ਦੇ, ਹਕੀਕਤ ਦੇ ਮਾਲਕ ਹੱਕ ਸਭ ਦੀ ਝੋਲੀ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦੀ ਕਰਨੀ ਕਾਰ ਕਮਾਈਆ ।

ਧਰਨੀ ਕਹੇ ਪ੍ਰਭੂ ਮੇਰੇ ਕਮਲਾਪਾਤੀ, ਪਤਿਰਮੇਸ਼ਵਰ ਸੀਸ ਨਿਵਾਈਆ । ਜੋ ਗੁਰਮੁਖ ਗੁਰਸਿੱਖ ਹਰਿ ਸੰਗਤ ਸੇਵਾ ਕਰਦੀ ਤਨ ਵਜੂਦ ਨਾਲ ਦਾਤੀ, ਦਿਵਸ ਰੈਣ ਭੱਜਣ ਵਾਹੋ ਦਾਹੀਆ । ਉਨ੍ਹਾਂ ਦੀ ਲੇਖੇ ਲਾਉਣੀ ਆਪਣੇ ਦਰ ਤੇ ਅੱਜ ਦੀ ਰਾਤੀ, ਰੁਤੜੀ ਆਪਣੇ ਨਾਲ ਮਹਿਕਾਈਆ । ਅਗਲਾ ਜੀਵਣ ਚਰਨ ਪ੍ਰੀਤੀ ਬਖ਼ਸ਼ ਹਯਾਤੀ, ਪਿਆਰ ਮੁਹੱਬਤ ਵਿਚ ਰਖਾਈਆ । ਜਿਹੜੀ ਵਸਤ ਹੱਥ ਨਹੀਂ ਆਉਂਦੀ ਜਗਤ ਜਗਿਆਸੂ ਸਾਧ ਸੰਤ ਫਿਰਦੇ ਲੋਕਮਾਤੀ, ਜਨਮ ਜਨਮ ਭੱਜਣ ਵਾਹੋ ਦਾਹੀਆ । ਉਹ ਲਹਿਣਾ ਦੇਣਾ ਸਭ ਦਾ ਪੂਰਾ ਕਰਦੇ ਬਾਕੀ, ਬਕਾਇਦਾ ਆਪਣਾ ਰੰਗ ਰੰਗਾਈਆ । ਧਰਨੀ ਕਹੇ ਮੈਂ ਜੋੜ ਕੇ ਦੋਵੇਂ ਹਾਥੀ, ਬਿਨ ਸੀਸ ਸੀਸ ਨਿਵਾਈਆ । ਤੂੰ ਸਾਹਿਬ ਸੁਵਾਮੀ ਪੁਰਖ ਸਮਰਾਥੀ, ਹਰਿ ਕਰਤਾ ਧੁਰਦਰਗਾਹੀਆ । ਹੋਣਾ ਸਹਾਈ ਅਨਾਥ ਅਨਾਥੀ, ਦੀਨਾਂ ਦਇਆ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਿਰ ਆਪਣਾ ਹੱਥ ਰਖਾਈਆ । (੧੭ ਵਸਾਖ ਸ਼ ਸ ੯)

★ ★ ★ ★ ★

★ ★ ★ ★ ★

★ ਭਾਈਏ ਤੇਜਾ ਸਿੰਘ ਨੂੰ ਗਲਵਕੜੀ ਪਾ ਕੇ ਸ਼ਬਦ ਉਚਾਰਿਆ ★

ਸਤਿਗੁਰ ਪੂਰਾ ਕਦੇ ਨਾ ਭੁੱਲਦਾ, ਭੁੱਲਣ ਵਿਚ ਕਦੇ ਨਾ ਆਈਆ । ਉਹ ਮਾਲਕ ਬਣੇ ਭਗਤਾਂ ਦੀ ਕੁਲ ਦਾ, ਕੁੱਲ ਮਾਲਕ ਆਪ ਅਖਵਾਈਆ । ਜੋ ਗੁਰਸਿੱਖ ਸਤਿਗੁਰੂ ਦੇ ਨਾਮ ਕੰਡੇ ਤੁਲਦਾ, ਤਰਾਜੂ ਆਪਣੇ ਵਿਚ ਰਖਾਈਆ । ਓਸ ਵਾਸਤੇ ਸਦਾ ਸਚਖੰਡ ਦੁਵਾਰਾ ਖੁਲ੍ਹਦਾ, ਅੱਗੇ ਹੋ ਨਾ ਕੋਇ ਅਟਕਾਈਆ । ਜਿਥੇ ਇਕੋ ਸ਼ਬਦ ਨਿਸ਼ਾਨਾ ਝੁਲਦਾ, ਸਤਿਗੁਰ ਸ਼ਬਦ ਆਪ ਵਖਾਈਆ । ਜਿਥੇ ਜਾਪ ਰਹਿੰਦਾ ਨਹੀਂ ਰਸਨਾ ਬੁੱਲ੍ਹ ਦਾ, ਮੁਖ ਦੰਦ ਨਾ ਕੋਇ ਵਡਿਆਈਆ । ਆਤਮਾ ਪਰਮਾਤਮਾ ਪਰਮਾਤਮਾ ਆਤਮਾ ਜੋਤੀ ਜੋਤ ਵਿਚ ਘੁਲਦਾ, ਘੋਲ ਕਰੇ ਗੁਰਸਿੱਖ ਸਤਿਗੁਰ ਨੂੰ ਢਾਹੀਆ । ਮੈਂ ਤੇਰੀ ਛਾਤੀ ਉਤੇ ਫਲਦਾ ਫੁਲਦਾ, ਸਚਖੰਡ ਜਾਵਾਂ ਚਾਈਂ ਚਾਈਆ । ਚੁਰਾਸੀ ਵਿਚ ਫੇਰ ਕਦੇ ਨਾ ਰੁੱਲਦਾ, ਜਨਮ ਮਰਨ ਨਾ ਕੋਇ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਰੰਗ ਵਖਾਈਆ ।

ਸਤਿਗੁਰ ਸਾਚਾ ਜਾਣੀ ਜਾਣਾ, ਜਾਨਣਹਾਰ ਅਖਵਾਈਆ । ਸਭ ਤੋਂ ਪਹਿਲੋਂ ਤੈਨੂੰ ਮਿਲਾਵਾਂਗਾ ਸਿੰਘ ਮਾਹਣਾ, ਮਾਤਾ ਤੇਰੀ ਦਾ ਲੇਖਾ ਅਵਰ ਰਹੇ ਨਾ ਰਾਈਆ । ਸਭ ਦਾ ਇਕੋ ਘਰ ਹੋਵੇਗਾ ਟਿਕਾਣਾ, ਦੂਜਾ ਗ੍ਰਿਹਿ ਨਜ਼ਰ ਕੋਇ ਨਾ ਆਈਆ । ਸਭ ਦਾ ਬਖ਼ਸ਼ ਦਿੱਤਾ ਪੀਣਾ ਖਾਣਾ, ਜਿਨ੍ਹਾਂ ਇਕ ਵਾਰ

ਮਹਾਰਾਜ ਸ਼ੇਰ ਸਿੰਘ ਦੀ ਸੇਵ ਕਮਾਈਆ । ਸਚਖੰਡ ਸਿੰਘਾਸਣ ਸੁਖ ਆਸਣ ਇਕ ਸੁਹਾਉਣਾ, ਜਿਥੇ ਬਿਨ ਦੀਵੇ ਬਾਤੀ ਹੋਵੇ ਰੁਸ਼ਨਾਈਆ । ਦੋ ਮਾਵਾਂ ਨਹੀਂ ਸਾਰਿਆਂ ਭੈਣ ਭਰਾਵਾਂ ਨੂੰ ਲੋਕਮਾਤ ਤਰਾਵਾਂ, ਇਹ ਮੇਰੀ ਬੇਪ੍ਰਵਾਹੀਆ । ਛੱਤੀ ਜੁਗ ਅਗਲੇ ਤੈਨੂੰ ਕੋਈ ਨਾ ਕਹੇ ਨਿਥਾਵਾਂ, ਲੋਕਮਾਤ ਤੇਰੇ ਨਾਮ ਦੀ ਵੱਜਦੀ ਰਹੇ ਵਧਾਈਆ । ਕਿਉਂ ਤੂੰ ਸਤਿਗੁਰ ਪਿਆਰ ਵਿਚ ਬਾਹਵਾਂ ਵਿਚ ਪਾਈਆਂ ਬਾਹਵਾਂ, ਗਲਵਕੜੀ ਪਾ ਕੇ ਗਲਵਕੜੀ ਵਿਚ ਰਖਾਈਆ । ਤੇਰੀ ਸੇਵਾਂ ਤੋਂ ਬਲ ਬਲ ਜਾਵਾਂ, ਜਿਸ ਤਨ ਮਨ ਮਨ ਤਨ ਸੇਵ ਕਮਾਈਆ । ਮਾਣ ਮਿਲੇਗਾ ਉਨ੍ਹਾਂ ਗਰਾਵਾਂ, ਜਿਸ ਗਰਾਂ ਵਿਚ ਜਨਮ ਦਿੱਤਾ ਤੇਰੀ ਮਾਈਆ । ਸੀਸ ਤੇਰੇ ਦਸਤਾਰ ਓਹ ਟਿਕਾਵਾਂ, ਸੀਸ ਸਤਿਗੁਰ ਚਰਨ ਟਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪਣਾ ਪਿਆਰ ਜਨ ਭਗਤ ਨਾਲ ਰੱਖੇ ਸਾਵਾਂ, ਊਣਤਾ ਵਿਚ ਕਦੇ ਨਾ ਆਈਆ ।

(੪ ਕੱਤਕ ਸ਼ ਸੰ ੯)

★ ★ ★ ★ ★
★ ★ ★ ★ ★

ਲੋਹਾਂ ਕਹਿਣ ਸਾਡਾ ਰੂਪ ਹੋਇਆ ਲੋਹਾ ਲਾਖਾ, ਲਾਲ ਕਾਲੇ ਨਾਲ ਮਿਲਾਈਆ । ਬਿਨਾ ਪ੍ਰਭੂ ਤੋਂ ਦਿਸੇ ਕੋਈ ਨਾ ਰਾਖਾ, ਸਿਰ ਹੱਥ ਨਾ ਕੋਇ ਟਿਕਾਈਆ । ਸਾਡਾ ਰੂਪ ਬਣਨਾ ਸਰਬ ਭਾਖਾ, ਸ੍ਰਿਸ਼ਟੀ ਆਪਣੇ ਵਿਚ ਜਲਾਈਆ । ਸਾਡੀ ਅਗਨੀ ਕਰੇ ਹਾਸਾ, ਧੂੰਆਂ ਅਸਮਾਨਾਂ ਦਏ ਜਣਾਈਆ । ਇਕ ਇਕ ਸ਼ੋਹਲਾ ਵੇਖੇ ਤਮਾਸ਼ਾ, ਚਾਰੋਂ ਕੁੰਟ ਨੈਣ ਉਠਾਈਆ । ਕੀ ਖੇਲ ਕਰੇ ਪੁਰਖ ਅਬਿਨਾਸ਼ਾ, ਅਬਿਨਾਸ਼ੀ ਕਰਤਾ ਬੇਪ੍ਰਵਾਹੀਆ । ਜੋ ਭਗਤਾਂ ਅੰਦਰ ਕਰੇ ਵਾਸਾ, ਵਸਲ ਦੇਵੇ ਮਹਿਬੂਬ ਨੂਰ ਅਲਾਹੀਆ । ਜਿਸ ਦੇ ਪਿਆਰ ਵਿਚ ਹਰਿਜਨ ਖੁਸ਼ੀ ਦੀ ਪਾਵਣ ਰਾਸਾ, ਗੋਪੀ ਕਾਹਨ ਆਤਮ ਪਰਮਾਤਮ ਧਾਰ ਬਣਾਈਆ । ਤਿਨ੍ਹਾਂ ਦੀ ਸੁਹੰਞਣੀ ਹੋਵੇ ਤਿੰਨ ਮੱਘਰ ਦੀ ਰਾਤਾ, ਜੋ ਸੇਵਕ ਹੋ ਕੇ ਸਾਚੀ ਸੇਵ ਕਮਾਈਆ । ਲੋਹਾਂ ਕਹਿਣ ਜਿਨ੍ਹਾਂ ਨੇ ਸਾਡੇ ਸਿਰ ਦੇ ਉਤੇ ਪਾਈ ਛਾਤਾ, ਛਤਰਧਾਰੀ ਤਿਨ੍ਹਾਂ ਨੂੰ ਦੇਵੇ ਮਾਣ ਵਡਿਆਈਆ । ਆਪੇ ਹੋਏ ਪਿਤਾ ਮਾਤਾ, ਆਪਣੀ ਗੋਦ ਟਿਕਾਈਆ । ਸਚ ਪ੍ਰੀਤੀ ਜੋੜ ਕੇ ਨਾਤਾ, ਜਗਤ ਜਹਾਨ ਮੇਲ ਮਿਲਾਈਆ । ਅੰਤਮ ਸਭ ਦੀਆਂ ਪੁੱਛੇ ਬਾਤਾ, ਅਭੁੱਲ ਭੁੱਲ ਕਦੇ ਨਾ ਜਾਈਆ । ਤਿਸ ਸਾਹਿਬ ਨੂੰ ਜਨ ਭਗਤੋ ਨਮੋ ਨਮੋ ਨਿਮਸਕਾਰ ਵਿਚ ਟੇਕੋ ਮਾਥਾ, ਮਸਤਕ ਖ਼ਾਕ ਰਮਾਈਆ । ਜੋ ਸਭ ਦਾ ਲਹਿਣਾ ਦੇਣਾ ਦੇਵੇ ਹਾਥੋ ਹਾਥਾ, ਸਿਰ ਸਿਰ ਆਪਣਾ ਹੱਥ ਟਿਕਾਈਆ । ਸੇਵਾ ਕਰਦਿਆਂ ਪਿੱਛੇ ਪਏ ਕੋਇ ਨਾ ਘਾਟਾ, ਘਾਟੇ ਪਿੱਛਲੇ ਪੂਰ ਕਰਾਈਆ । ਹਰਿ ਸੰਗਤ ਸਵੇਰੇ ਦਸ ਵਜੇ ਪ੍ਰੇਮ ਨਾਲ ਗੁੰਨ ਕੇ ਆਟਾ, ਸਵਾ ਪੰਜ ਸੇਰ ਅੰਦਰ ਲੈਣਾ ਪਕਾਈਆ । ਫੇਰ ਸਤਿਗੁਰ ਆਪਣੀਂ ਹੱਥੀਂ ਸਭ ਨੂੰ ਦੇਵੇ ਬਾਟਾ, ਖੁਸ਼ੀਆਂ ਨਾਲ ਖੁਵਾਈਆ । ਸਭ ਨੇ ਘਰ ਨੂੰ ਜਾਣਾ ਕਰਦਿਆਂ ਹਾਸਾ, ਭੱਜਣਾ ਚਾਈਂ ਚਾਈਂਆ । ਸਤਿਗੁਰ ਸ਼ਬਦ ਜ਼ਰੂਰ ਹੋਵੇਗਾ ਸਾਥਾ, ਸਾਚਾ ਸੰਗੀ ਸਾਚਾ ਸੰਗ ਬਣਾਈਆ । ਜੇ ਤੁਸਾਂ ਸਤਿਗੁਰ ਦਾ ਮੰਨਿਆ ਆਖਾ, ਉਹ ਵੀ ਆਖ਼ਰ ਤੱਕ ਤੁਹਾਡੇ ਨਾਲ ਤੋੜ ਨਿਭਾਈਆ । ਜੀਵਣ ਵਿਚ ਕਦੇ ਬਦਲੇ ਨਾ ਪਾਸਾ, ਕਰਵਟ ਵਿਚ ਨਾ ਮੁੱਖ ਭੁਵਾਈਆ । ਤੁਹਾਡਾ ਮਾਨਸ ਜਨਮ ਕਰੇ ਰਾਸਾ, ਰਸਤੇ ਵਿਚ ਜਾਂਦਿਆਂ ਨੂੰ ਮਿਲੇ ਚਾਈਂ ਚਾਈਂਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਮੇਲਾ ਲਏ ਮਿਲਾਈਆ । (੩ ਮੱਘਰ ਸ਼ ਸ ੯)

★ ★ ★ ★ ★
★ ★ ★ ★ ★

ਧਰਨੀ ਕਹੇ ਮੈਂ ਭਗਤਾਂ ਕਰਾਂ ਧੰਨਵਾਦ, ਖ਼ੁਸ਼ੀਆਂ ਵਿਚ ਸੀਸ ਨਿਵਾਈਆ । ਭਗਤੋ ਤੁਸਾਂ ਮੇਰਾ ਖੇੜਾ ਕਰਨਾ ਆਬਾਦ, ਜਿਥੇ ਦੀਨ ਦੁਨੀ ਮਿਲੇ ਵਡਿਆਈਆ । ਜਿਸ ਦਾ ਨਾਮ ਰਹੇ ਆਦਿ ਜੁਗਾਦਿ, ਜੁਗ ਚੌਕੜੀ ਵੱਜੇ ਵਧਾਈਆ । ਮੇਰਾ ਅਸਲੀ ਰੂਪ ਫੇਰ ਬਣੇਗਾ ਕਲਜੁਗ ਦੀ ਧਾਰ ਤੋਂ ਬਾਦ, ਸਤਿਜੁਗ ਆਪਣਾ ਰੰਗ ਪਰਗਟਾਈਆ । ਜਿਸ ਵੇਲੇ ਸਾਰੀ ਸ੍ਰਿਸ਼ਟੀ ਦਾ ਹੋਇਆ ਇਕ ਰਿਵਾਜ਼, ਇਕੋ ਮਾਰਗ ਦੀਨ ਦੁਨੀ ਚਲੇ ਚਾਈਂ ਚਾਈਆ । ਇਕੋ ਨਾਮ ਸ਼ਬਦ ਦੀ ਆਵੇ ਅਵਾਜ਼, ਇਕੋ ਸਰੋਤਾ ਹੋਵੇ ਧੁਰ ਦਾ ਮਾਹੀਆ । ਇਕੋ ਸ਼ਬਦ ਗੋਬਿੰਦ ਦਾ ਹੋਵੇ ਬਾਜ਼, ਬਾਜ਼ੀ ਦੀਨ ਦੁਨੀ ਉਲਟਾਈਆ । ਮੈਂ ਤੁਹਾਡਾ ਸ਼ੁਕਰ ਕਰਾਂ ਜਿਨ੍ਹਾਂ ਨੇ ਭਗਤ ਦੁਵਾਰ ਸੁਹਾਇਆ ਪਹਿਲੋਂ ਵਿਚ ਪੰਜਾਬ, ਫੇਰ ਦਿੱਲੀ ਦੁਵਾਰ ਦਿਤੀ ਵਡਿਆਈਆ । ਜਿਥੇ ਸਾਹਿਬ ਸਤਿਗੁਰ ਦੇ ਸ਼ਬਦ ਦਾ ਹੋਣਾ ਰਾਜ, ਰਈਅਤ ਨੌ ਖੰਡ ਪ੍ਰਿਥਮੀ ਬੈਠੇ ਸੀਸ ਨਿਵਾਈਆ । ਜਿਸ ਦਾ ਸ਼ਾਹ ਸੁਲਤਾਨ ਕਰਨਗੇ ਕਾਜ, ਕਰਨੀ ਦਾ ਕਰਤਾ ਆਪਣੇ ਹੁਕਮ ਵਿਚ ਭੁਵਾਈਆ । ਤੁਸੀਂ ਪ੍ਰਭੂ ਭਗਤੋ ਮੇਰੇ ਵੱਡੇ ਮੈਂ ਤੁਹਾਨੂੰ ਕਰਾਂ ਅਦਾਬ, ਧਰਨੀ ਕਹੇ ਮੈਂ ਨਿਵ ਨਿਵ ਲਾਗਾਂ ਪਾਈਆ । ਜਿਨ੍ਹਾਂ ਨੇ ਮੇਰਾ ਪੂਰਾ ਕੀਤਾ ਖੁਵਾਬ, ਮਾਝਾ ਮਾਲਵਾ ਦੁਆਬਾ ਜੰਮੂ ਆਇਆ ਚਾਈਂ ਚਾਈਆ । ਪਰ ਯਾਦ ਰੱਖਿਓ ਏਥੇ ਸਾਰੀ ਸ੍ਰਿਸ਼ਟੀ ਵਾਸਤੇ ਧਰਮ ਦੀ ਖੁਲ੍ਹੇਗੀ ਕਿਤਾਬ, ਜਿਸ ਦਾ ਮਜ਼ਮੂਨ ਜਗਤ ਕਨੂੰਨ ਨਾ ਕੋਇ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸੱਚ ਹੁਕਮ ਇਕ ਵਰਤਾਈਆ । (੨੦ ਮਾਘ ਸ਼ ਸੰ ੧੦)

★ ★ ★ ★ ★
★ ★ ★ ★ ★

ਅਠਾਰਾਂ ਹਾੜ ਕਹੇ ਜਨ ਭਗਤੋ ਪ੍ਰਭ ਚਰਨ ਕਰਨੀ ਸੇਵਾ, ਸੇਵਾ ਸਤਿਗੁਰ ਵਿਚ ਸਮਾਈਆ । ਇਕੋ ਨਾਮ ਜਪਣਾ ਜਿਹਵਾ, ਤੂੰ ਮੇਰਾ ਮੈਂ ਤੇਰਾ ਢੋਲਾ ਦੇਣਾ ਸੁਣਾਈਆ । ਇਕੋ ਮਸਤਕ ਮਣੀਆ ਲਾਉਣਾ ਥੇਵਾ, ਥਿਰ ਘਰ ਵਾਸੀ ਵੇਖ ਕੇ ਖ਼ੁਸ਼ੀ ਬਣਾਈਆ । ਸਾਚਾ ਨਾਮ ਹੋਵੇ ਤੁਹਾਡੀ ਉਤੇ ਰਸਨਾ ਜਿਹਵਾ, ਦਿਵਸ ਰੈਣ ਢੋਲੇ ਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦੀ ਖੇਲ ਆਪ ਖਿਲਾਈਆ । (੧੮ ਹਾੜ ਸ਼ ਸੰ ੧੧ ਰਾਤ ਨੂੰ)

★ ★ ★ ★ ★
★ ★ ★ ★ ★

ਸੱਚਾ ਅਨੰਦ ਸਤਿਗੁਰ ਸੇਵਾ, ਸੇਵਾ ਸਚ ਸਚ ਵਡਿਆਈਆ । ਮਿਹਰਵਾਨ ਹੋਵੇ ਵਡ ਦੇਵੀ ਦੇਵਾ, ਦੇਵ ਆਤਮਾ ਵੇਖ ਵਖਾਈਆ । ਕਿਰਪਾ ਕਰੇ ਜੋ ਵਸੇ ਧਾਮ ਨਿਹਕੇਵਾ, ਅਟੱਲ ਮਹੱਲ ਸੋਭਾ ਪਾਈਆ । ਸਚ ਪਿਆਰ ਦਾ ਅੰਤਰ ਲਾਵੇ ਥੇਵਾ, ਕੌਸਤਕ ਮਨੀਆ ਰੂਪ ਬਦਲਾਈਆ । ਪਵਿਤਰ ਕਰੇ ਰਸਨਾ ਜੇਹਵਾ, ਸੁਵਾਸ ਸੁਵਾਸ ਵਿਚ ਸਮਾਈਆ । ਨਾਮ ਪਦਾਰਥ ਦੇ ਕੇ ਅਗੰਮਾ ਮੇਵਾ, ਮਿਲਣੀ ਹਰਿ ਜਗਦੀਸ਼ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸੱਚ ਦੀ ਕਰਨੀ ਕਾਰ ਕਮਾਈਆ । (੧੫ ਮਾਘ ਸ਼ ਸੰ ੧੧)

★ ★ ★ ★ ★
★ ★ ★ ★ ★

★ ਦਰਬਾਰ ਨਿਵਾਸੀਆਂ ਦਲੀਪ ਸਿੰਘ ਰਤਨ ਸਿੰਘ ਪ੍ਰੀਤਮ ਸਿੰਘ ਜਰਨੈਲ ਸਿੰਘ ਸੁਲੱਖਣ ਸਿੰਘ ਜਗੀਰ ਸਿੰਘ ਦੇ ਨਵਿਤ ★

ਪੁਰਖ ਅਕਾਲ ਸਦਾ ਨੇਹਕੇਵਾ, ਨਿਰਗੁਣ ਨਿਰਵੈਰ ਨਿਰੰਕਾਰ ਬੇਪ੍ਰਵਾਹੀਆ । ਆਦਿ ਜੁਗਾਦੀ ਬੋਧ ਅਗਾਧੀ ਦੇਵੀ ਦੇਵਾ, ਦੇਵਤ ਸੁਰ ਵਿਸ਼ਨ ਬ੍ਰਹਮਾ ਸ਼ਿਵ ਜਿਸ ਨੂੰ ਸੀਸ ਨਿਵਾਈਆ । ਆਦਿ ਅੰਤ ਸ੍ਰੀ ਭਗਵੰਤ ਧੁਰ ਦਾ ਕੰਤ ਅਲਖ ਅਭੇਵਾ, ਅਗੰਮ ਅਥਾਹ ਵਡ ਵਡਿਆਈਆ । ਨਿੱਤ ਨਵਿਤ ਕਰ ਕਰ ਹਿੱਤ ਜਨ ਭਗਤਾਂ ਅੰਮ੍ਰਿਤ ਰਸ ਦੇਵੇ ਮੇਵਾ, ਨਾਮ ਨਿਧਾਨਾ ਸ੍ਰੀ ਭਗਵਾਨਾ, ਝੋਲੀ ਪਾਈਆ । ਪਾਰਬ੍ਰਹਮ ਪਤਿਪਰਮੇਸ਼ਵਰ ਦਰ ਠਾਂਡੇ ਲੇਖੇ ਲਾਵੇ ਸੇਵਾ, ਕੀਤੀ ਘਾਲ ਆਪਣੇ ਚਰਨਾਂ ਵਿਚ ਟਿਕਾਈਆ । ਜਿਸ ਦੀ ਸਿਫ਼ਤ ਕਰ ਸਕੇ ਨਾ ਕੋਇ ਜੇਹਵਾ, ਰਸਨਾ ਕਹਿਣ ਕਿਛ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਕਰਨੀ ਕਾਰ ਕਮਾਈਆ ।

ਸਤਿਗੁਰ ਸ਼ਬਦ ਸਦਾ ਸੁਖਦਾਈ, ਦੇਵੇ ਮਾਣ ਵਡਿਆਈਆ । ਜੋ ਜੁਗ ਜੁਗ ਨਿਰਗੁਣ ਸਰਗੁਣ ਖੇਲ ਰਿਹਾ ਖਲਾਈ, ਖ਼ਾਲਕ ਖ਼ਲਕ ਰੰਗ ਵਖਾਈਆ । ਜਨ ਭਗਤ ਸੁਹੇਲੇ ਉਠਾਏ ਫੜ ਫੜ ਬਾਹੀਂ, ਲੱਖ ਚੁਰਾਸੀ ਵਿਚੋਂ ਬਾਹਰ ਕਢਾਈਆ । ਭੇਵ ਅਭੇਦਾ ਖੋਲ੍ਹੇ ਪਰਦਾ ਅੰਤਰ ਦਏ ਉਠਾਈ, ਨਿਝ ਨੇਤਰ ਲੋਚਨ ਨੈਣ ਕਰੇ ਰੁਸ਼ਨਾਈਆ । ਲੇਖਾ ਜਾਣੇ ਧੁਰ ਗੁਸਾਈਂ, ਗਹਿਰ ਗੰਭੀਰ ਬੇਪ੍ਰਵਾਹੀਆ । ਵੇਖਣਹਾਰਾ ਥਾਉਂ ਥਾਈਂ, ਥਾਨ ਥਨੰਤਰ ਖੋਜ ਖੁਜਾਈਆ । ਜੋ ਭਗਤ ਸੁਹੇਲੇ ਦਰ ਠਾਂਡੇ ਕਰਦੇ ਵਾਹੀ, ਵਾਹਿਣ ਚੁਰਾਸੀ ਵਿਚੋਂ ਬਾਹਰ ਕਢਾਈਆ । ਮੇਲ ਮਿਲਾਵਾ ਕਰਕੇ ਭੈਣਾਂ ਭਾਈ, ਚਰਨ ਪ੍ਰੀਤੀ ਇਕੋ ਇਕ ਇਕ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਰੰਗ ਆਪ ਰੰਗਾਈਆ ।

ਸਤਿਗੁਰ ਸ਼ਬਦ ਕਹੇ ਸਤਿ ਸਤਿ ਸਤਿ ਮਿਹਰਵਾਨੀ, ਮਿਹਰਵਾਨ ਦਇਆ ਕਮਾਈਆ । ਜਨ ਭਗਤਾਂ ਵੇਖਣਹਾਰਾ ਜਗਤ ਜੁਵਾਨੀ, ਨਵ ਜੋਵਨ ਧਿਆਨ ਲਗਾਈਆ । ਜੋ ਸਾਚੀ ਸੇਵਾ ਦੀ ਕਰਨ ਕੁਰਬਾਨੀ, ਕਰਬਲੇ ਤੋਂ ਪਰੇ ਮਿਲੇ ਵਡਿਆਈਆ । ਧਰਮ ਧਾਰ ਰਹੇ ਨਿਸ਼ਾਨੀ, ਨਿਸ਼ਾਨਾ ਜਗਤ ਜਹਾਨ ਝੁਲਾਈਆ । ਦਰ ਆਇਆਂ ਕਰੇ ਪ੍ਰਵਾਨੀ, ਪਰਮ ਪੁਰਖ ਹੋਏ ਸਹਾਈਆ । ਦੇਵਣਹਾਰਾ ਧੁਰ ਦਾ ਦਾਨੀ, ਵਸਤ ਅਗੰਮ ਅਥਾਹ ਵਰਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਲੇਖਾ ਵੇਖ ਵਿਖਾਈਆ ।

ਸਤਿਗੁਰ ਸ਼ਬਦ ਕਹੇ ਇਹ ਖੇਲ ਅਗੰਮੇ ਹਰਿ ਦੇ, ਹਰ ਹਿਰਦਾ ਵੇਖ ਵਖਾਈਆ । ਜੋ ਭਗਤ ਸੁਹੇਲੇ ਭਗਤ ਦੁਵਾਰ ਸੇਵਾ ਕਰਦੇ, ਸਿਰ ਸਿਰ ਆਪਣਾ ਹੱਥ ਟਿਕਾਈਆ । ਭੈ ਚੁਕਾਏ ਧਰਮ ਰਾਏ ਦੇ ਡਰ ਦੇ, ਚੁਰਾਸੀ ਫ਼ਾਸੀ ਰਹੇ ਨਾ ਰਾਈਆ । ਸਾਚੀ ਮੰਜ਼ਲ ਜਾਣ ਚੜ੍ਹਦੇ, ਅੱਗੇ ਹੋ ਨਾ ਕੋਇ ਅਟਕਾਈਆ । ਤੂੰ ਮੇਰਾ ਮੈਂ ਤੇਰਾ ਸੋਹੰ ਢੋਲਾ ਜਾਣ ਪੜ੍ਹਦੇ, ਪਰਾ ਪਸੰਤੀ ਮਧਮ ਬੈਖਰੀ ਦਾ ਪੰਧ ਮੁਕਾਈਆ । ਮਾਲਕ ਹੋਵਣ ਸਚਖੰਡ ਦੁਵਾਰੇ ਸਾਚੇ ਘਰ ਦੇ, ਗ੍ਰਿਹਿ ਮਿਲੇ ਮਾਣ ਵਡਿਆਈਆ । ਜਿਥੇ ਨਾ ਜਨਮੇ ਨਾ ਮਰਦੇ, ਜੋਤ ਜੋਤ ਵਿਚ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚਾ ਰੰਗ ਆਪ ਰੰਗਾਈਆ ।

ਸਤਿਗੁਰ ਸ਼ਬਦ ਕਹੇ ਜੋ ਭਗਤ ਦੁਵਾਰੇ ਘਾਲੇ ਘਾਲ, ਘੋਲੀ ਆਪਣਾ ਆਪ ਘੁੰਮਾਈਆ । ਤਿਸ ਨੂੰ ਵੇਖਣਹਾਰਾ ਦੀਨ ਦਿਆਲ, ਦਇਆਨਿਧ ਧੁਰਦਰਗਾਹੀਆ । ਜੋ ਬਖ਼ਸ਼ਣਹਾਰਾ ਨਾਮ ਸੱਚਾ ਧਨ

ਮਾਲ, ਖਜ਼ੀਨਾ ਅਤੋਟ ਅਤੁੱਟ ਵਰਤਾਈਆ । ਹਰਿਜਨ ਗੁਰਮੁਖ ਸੰਤ ਸੁਹੇਲੇ ਬਣਾ ਲਾਲ, ਲਾਲਨ ਆਪਣਾ ਰੰਗ ਚੜ੍ਹਾਈਆ । ਨਿਰਗੁਣ ਸਰਗੁਣ ਬਣ ਦਲਾਲ, ਮੇਲਾ ਮੇਲੇ ਸਹਿਜ ਸੁਭਾਈਆ । ਸੰਬਲ ਬਹਿ ਕੇ ਕਰੇ ਸੰਭਾਲ, ਘਰ ਸਾਚੇ ਹੋਏ ਸਹਾਈਆ । ਲੇਖਾ ਜਾਣੇ ਬਿਰਧ ਬਾਲ ਜੁਵਾਨ, ਨਾਰੀ ਨਰ ਇਕੋ ਰੰਗ ਰੰਗਾਈਆ । ਪੁੱਛਣਹਾਰਾ ਮੁਰੀਦਾਂ ਹਾਲ, ਮੁਰਸ਼ਦ ਅਗੰਮ ਅਥਾਹੀਆ ।
ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸੱਚ ਕਰਨੀ ਕਾਰ ਕਮਾਈਆ ।

ਸਤਿਗੁਰ ਸ਼ਬਦ ਕਹੇ ਜਨ ਭਗਤ ਸੁਹੇਲਾ ਫਲਦਾ, ਜੁਗ ਜੁਗ ਪ੍ਰਭ ਦੀ ਸੇਵ ਕਮਾਈਆ । ਉਸ ਦਾ ਦੀਪਕ ਜੋਤੀ ਜੋਤ ਹੋ ਕੇ ਬਲਦਾ, ਜਗਤ ਜਹਾਨ ਕਰੇ ਰੁਸ਼ਨਾਈਆ । ਮਾਣ ਵੇਖੇ ਆਪਣੇ ਗ੍ਰਿਹਿ ਅਟੱਲ ਦਾ, ਦਰਗਹਿ ਸਾਚੀ ਸੋਭਾ ਪਾਈਆ । ਲੋਕਮਾਤ ਝਗੜਾ ਚੁੱਕੇ ਜਲ ਥਲ ਦਾ, ਮਹੀਅਲ ਆਪਣਾ ਪੰਧ ਮੁਕਾਈਆ । ਉਹ ਲਹਿਣਾ ਲੇਖਾ ਲਾਏ ਆਪਣੀ ਇਕ ਗੱਲ ਦਾ, ਜਿਸ ਰਸਨਾ ਨਾਲ ਤੂੰ ਮੇਰਾ ਮੈਂ ਤੇਰਾ ਢੋਲਾ ਗਾਈਆ । ਪੁਰਖ ਅਕਾਲਾ ਦੀਨ ਦਿਆਲਾ ਤਿਸ ਲੇਖਾ ਮੁਕਾਏ ਕਲਜੁਗ ਕਲ ਦਾ, ਕਲਕਾਤੀ ਨਜ਼ਰ ਕੋਇ ਨਾ ਆਈਆ । ਵਸੇਰਾ ਬਖ਼ਸ਼ੇ ਚਰਨ ਪ੍ਰੀਤੀ ਨੇਹਚਲ ਧਾਮ ਅਟੱਲ ਦਾ, ਸਚਖੰਡ ਸਾਚਾ ਇਕ ਸੁਹਾਈਆ । ਜਨ ਭਗਤ ਸੁਹੇਲੇ ਆਪਣੇ ਪਿਆਰ ਵਿਚ ਸਚਖੰਡ ਦੁਵਾਰਿਉਂ ਘਲਦਾ, ਫੇਰ ਸਚਖੰਡ ਵਿਚ ਮਿਲਾਈਆ । ਇਹ ਫ਼ੈਸਲਾ ਆਦਿ ਜੁਗਾਦਿ ਅਟੱਲ ਦਾ, ਨਾ ਕੋਈ ਮੇਟੇ ਮੇਟ ਮਿਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਨ ਭਗਤਾਂ ਅੰਦਰ ਆਪਣਾ ਆਸਣ ਮਲਦਾ, ਮਲ ਮੂਤਰ ਦਾ ਲੇਖਾ ਦਏ ਮੁਕਾਈਆ ।

★ ★ ★ ★ ★
★ ★ ★ ★ ★